ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸੂਤ੍ਰ-ਦਰਸ਼ਨ


ਸੰਤ ਨਿਧਾਨ ਸਿੰਘ ਜੀ "ਆਲਿਮ"

ਪ੍ਰਕਾਸ਼ਕ ਮਨੈਜਰ "ਸਤਿਜੁਗ" ਸ੍ਰੀ ਭੈਣੀ ਸਾਹਿਬ



ਸ੍ਰੀ ਸਤਿਗੁਰੂ ਰਾਮ ਹਰੀ ਪ੍ਰੈਸ ਸ੍ਰੀ ਭੈਣੀ ਸਾਹਿਬ ਵਿਖੇ ਬਲਵੰਤ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਦੇ ਪ੍ਰਬੰਧ ਨਾਲ ਛਪਿਆ।

---

ਦੂਜੀ ਵਾਰ ੧੦੦੦ ਕੀਮਤ 1)



. Sri Satguru Jagjit Singh Ji eLibrary NamdhariElibrary@gmail.com .

# ਮੁਖ-ਬੰਦ

ਨਾਮਧਾਰੀ ਸੰਕੇਤ ਅਨੁਸਾਰ- "ਸੂਤਰ" ਸ਼ਬਦ ਪ੍ਰੇਮੀ ਜਨਾਂ ਦੀਆਂ ਉਨ੍ਹਾਂ ਹਾਲਤਾਂ ਤੇ ਹਰਕਤਾਂ ਦਾ ਲਖਾਇਕ ਹੈ, ਜੋ ਨਾਮ ਬਾਣੀ ਦੇ ਅਭਿਆਸ ਕੀਰਤਨ ਦੇ ਰਸ ਅਤੇ ਗੁਰੂ ਦਰਸ਼ਨ ਦੇ ਅਸਰ ਨਾਲ ਪ੍ਰਗਟ ਹੁੰਦੀਆਂ ਹਨ। ਫ਼ਾਰਸੀ ਤੇ ਆਲਿਮ ਇਨ੍ਹਾਂ ਨੂੰ "ਵਜਦ' "ਹਾਲ" ਯਾ "ਦੀਵਾਨਗੀ" ਆਦਿਕ ਸਬਦਾਂ ਦੁਆਰਾ ਪੁਕਾਰਦੇ ਹਨ। ਵੈਸ਼ਨਵ ਗ੍ਰੰਥਾਂ ਵਿਚ ਇਨ੍ਹਾਂ ਨੂੰ "ਪ੍ਰੇਮ ਚੇਸ਼ਟਾ" ਦੇ ਨਾਉਂ ਨਾਲ ਪੁਕਾਰਿਆ ਗਿਆ ਹੈ। ਨਾਮ ਕੀਰਤਨ ਅਤੇ ਦਰਸ਼ਨ ਦਰ ਅਸਲ ਰੂਹਾਨੀ ਕ੍ਰਿਯਾਵਾਂ (ਯਾਨੀ ਸਪਿਰਚੂਅਲ ਐਕਸ਼ਨਜ਼) ਹਨ ਅਤੇ ਸੂਤਰ ਦੀਆਂ ਹਾਲਤਾਂ ਉਨ੍ਹਾਂ ਦੀਆਂ ਪ੍ਰਤੀ ਕ੍ਰਿਆਵਾਂ (ਭਾਵ ਰੀਐਕਸ਼ਨਜ਼) ਸਮਝਨੇ ਚਾਹੀਦੇ ਹਨ। ਨਾਮ ਦੀ ਪ੍ਰਤੀ ਕ੍ਰਿਯਾ(ਰੀਐਕਸ਼ਨ) ਸੱਚੀ ਮਸਤੀ ਯਾ ਸੱਚਾ ਅਮਲ ਹੈ। ਸਤਿਗੁਰੂ ਜੀ ਲਿਖਿਆ ਹੈ - "ਨਾਮ ਰਸਾਇਣ ਜੋ ਰਤੇ ਨਾਨਕ ਸਚ ਅਮਲੀ" ਅਮਲੀ ਮਨੁੱਖ ਕਈ ਤ੍ਰਾਂ ਦੀਆਂ ਚੇਸ਼ਟਾਂ ਕਰਦਾ ਦੇਖਿਆ ਗਿਆ ਹੈ। ਕਦੇ ਤਾਂ ਉਹ ਅਜੇਹਾ ਹਸਦਾ ਹੈ, ਕਿ ਵੇਖਣ ਵਾਲੇ ਦੰਗ ਰਹ ਜਾਂਦੇ ਹਨ, ਕਦੇ ਚੀਕਾਂ ਮਾਰ ਮਾਰ ਏਨਾਂ ਰੋਂਦਾ ਹੈ ਕਿ ਪੁੱਛੋ ਹੀ ਨਾ ਤੇ ਕਦੇ ਅਜੇਹੀ ਚੁਪ ਸਾਧਦਾ ਹੈ, ਜੋ ਬੁਲਾਇਆਂ ਵੀ ਨਹੀਂ ਬੋਲਦਾ। ਗੁਰੂ ਜੀ ਨੇ ਨਾਮ ਰੰਗ ਵਿਚ ਰੰਗੇ ਹੋਏ ਸੰਤਾਂ ਦੀਆਂ ਇਨ੍ਹਾਂ ਤਿੰਨਾਂ ਹੀ ਹਾਲਤਾਂ ਦਾ ਵਰਨਨ ਆਸਾ ਦੀ ਵਾਰ ਅੰਦਰ ਇਉਂ ਕੀਤਾ ਹੈ: "ਰੰਗ ਹਸਹਿ ਰੰਗ ਰੋਵਹਿ ਚੁਪ ਭੀ ਕਰ ਜਾਹਿ। ਪਰਵਾਹ ਨਹੀਂ ਕਿਸੈ ਕੇਰੀ ਬਾਝ ਸਚੇ ਨਾਹ।" ਨਾ ਮਹਿਰਮ ਲੋਕ ਭਾਵੇਂ ਇਨ੍ਹਾਂ ਮਸਤਾਨੇ ਲੋਕਾਂ ਨੂੰ ਹਸਦਿਆਂ ਰੋਂਦਿਆਂ ਤੱਕ ਕੇ ਪਾਗਲ ਹੀ ਕਹਿਣ ਪਰ ਉਹਨਾਂ ਨੂੰ ਕਿਸੇ ਦੀ ਪ੍ਰਵਾਹ ਨਹੀਂ। ਅਜੇਹੀਆਂ ਚੇਸਟਾ ਵੇਖ ਕੇ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਬਉਰਾ, ਭੂਤਨਾਂ ਤੇ ਬੇਤਾਲਾ ਆਖਿਆ ਗਿਆ ਸੀ। ਕੁਛ ਚੰਬੜਿਆ ਹੋਇਆ ਸਮਝ ਕੇ ਮੁਲਾਂ ਨੂੰ ਅਰ ਬੀਮਾਰ ਸਮਝ ਕੇ ਵੈਦ ਨੂੰ ਬੁਲਾਇਆ ਗਿਆ ਸੀ। ਪਰ ਗੁਰੂ ਜੀ ਨੇ ਮੁਲਾਂ ਨੂੰ ਕਿਹਾ- ਕਿ ਭਾਈ ਮੈਨੂੰ ਮੌਲਾ ਚੰਬੜ ਗਿਆ ਹੈ। ਉਹ ਮੌਲਾ ਜਿਸ ਨੇ ਸਾਰੇ ਜਗਤ ਨੂੰ ਮੌਲਿਆ ਹੈ। ਜਿਸ ਦੀ ਸੱਤਾ ਸਫੁਰਤੀ ਨਾਲ ਧਰਤੀ ਤੇ ਅਕਾਸ਼ ਮੌਲ ਰਹੇ ਹਨ। ਵੈਦ ਨੂੰ ਆਖਿਆ, ਵੈਦਾਂ! ਮੇਰੇ ਕਲੇਜੇ ਵਿਚ ਕਰਕ ਪੈਂਦੀ ਹੈ। ਕਰਕ ਵੀ ਉਹ, ਜਿਸ ਦੀ ਤੂੰ ਤਸ਼ਖੀਸ ਨਹੀਂ ਕਰ ਸਕਦਾ। ਜਿਸ ਨੂੰ ਤੇਰੀਆਂ ਦਵਾਈਆਂ ਨਹੀਂ ਹਟਾ ਸਕਦੀਆਂ। ਭੋਲੇ ਵੈਦ ! 'ਦਰਦ ਮੰਦੇ ਇਸ਼ਕ ਰਾ ਦਾਰੂ ਬਜੁਜ਼ ਦੀਦਾਰ ਨੇਸਤ।' ਭਾਈ !- ਅਹਿਨਿਸ ਜਾਗੈ ਨੀਦ ਨ ਸੋਵੈ, ਸੋ ਜਾਣੈ ਜਿਸ ਵੇਦਨ ਹੋਵੈ। ਪ੍ਰੇਮ ਕੇ ਕਾਨ ਲਗੇ ਤਨ ਭੀਤਰ ਵੈਦ ਕਿ ਜਾਣੈ ਕਾਰੀ ਜੀਉ।

(੨) ਕੌਣ ਨਹੀਂ ਜਾਣਦਾ ਕਿ ਜਿਸ ਨੂੰ ਤੀਰ ਲਗ ਜਾਏ ਉਸ ਦਾ ਫੁੜਕ ਪੈਣਾਂ ਕੁਦਰਤੀ ਹੈ। ਏਸੇ ਤਰ੍ਹਾਂ ਗੁਰੂ ਬਚਨਾਂ ਦਾ ਅਣੀਆਲਾ ਤੀਰ ਜਿਸ ਦੇ ਕਲੇਜੇ ਵਿਚ ਵਜ ਜਾਵੇ, ਉਹ ਲਗਦਿਆਂ ਸਾਰ ਕਿਵੇਂ ਨਾ ਫੁੜਕੇ ? ਇਸ ਹਾਲਤ ਦਾ ਸੁਆਦ ਪੁਛਣਾ ਹੈ ਤਾਂ ਕਬੀਰ ਤੋਂ ਪੁੱਛੋ, ਉਹ ਪੁਕਾਰ ਪੁਕਾਰ ਕੇ ਕਹਿ ਉਠੇਗਾ "ਕਬੀਰ ਸਤਿਗੁਰ ਸੂਰਮੇ ਬਾਹਿਆ ਬਾਣ ਜੋ ਏਕ । ਲਾਗਤ ਹੀ ਭੁਇ ਗਿਰ ਪਰਿਆ ਪਰਾ ਕਲੇਜੇ ਛੇਕ'। ਜੇ ਅਜੇ ਵੀ ਇਤਬਾਰ ਨਾ ਆਵੇ ਤਾਂ ਸ੍ਰੀ ਗੁਰੂ ਰਾਮ ਦਾਸ ਜੀ ਕੋਲੋਂ ਸੰਸਾ ਨਿਰਵਿਰਤੀ ਲਈ ਬੇਨਤੀ ਕਰੋ। ਜਿਨਾ ਦੀ ਸੂਤਰ ਦੀ ਲੋਟ ਪੋਟ ਹੋ ਕੇ ਡਿੱਗ ਪੈਣ ਵਾਲੀ ਦਸ਼ਾ ਤੇ ਤਸਦੀਕ ਦੀ ਮੋਹਰ ਲੌਂਦਿਆਂ ਹੋਇਆਂ ਉਚਾਰਨ ਕੀਤਾ ਹੈ- "ਬਿਲਾਵਲ ਮਹਲਾ ੪। ਅੰਤਰ ਪਿਆਸ ਉਠੀ ਪ੍ਰਭੁ ਕੇਰੀ ਸੁਣ ਗੁਰ ਬਚਨ ਮਨਿ ਤੀਰ ਲਗਈਆ। ਮਨ ਕੀ ਬਿਰਥਾ ਮਨ ਹੀ ਜਾਣੈ ਅਵਰ ਕਿ ਜਾਣੈ ਪੀਰ ਪਰਾਈਆ। ਰਾਮ ਗੁਰ ਮੋਹਨ ਮੋਹ ਮਨ ਲਈਆ। ਆਕਲ ਬਿਕਲ ਭਈ ਗੁਰ ਦੇਖੇ ਲੋਟ ਪੋਟ ਹੋ ਪਈਆ"। ਇਹ ਲੋਟ ਪੋਟ ਅਵਸਥਾ ਗੁਰੂ ਦਰਸ਼ਨ ਅਤੇ ਸ਼ਬਦ ਸ੍ਰਵਨ ਦਾ ਨਤੀਜਾ ਹੈ।

(੩) ਕਿਸੇ ਪਿਆਰੇ ਦੇ ਵਿਯੋਗੀ ਦੀ ਅਵਸਥਾ ਵਿਚ ਵੀ ਦੇਖਿਆ ਗਿਆ ਹੈ, ਕਿ ਮਨੁਖ ਬਉਰਾ ਹੋ ਜਾਂਦਾ ਹੈ ਤੇ ਤ੍ਰਾਂ ਤ੍ਰਾਂ ਦੀਆਂ ਚੇਸ਼ਟਾਂ ਕਰਦਾ ਹੈ। ਏਸੇ ਤ੍ਰਾਂ ਰਾਮ ਵਿਯੋਗੀਆਂ ਦੀ ਦਸ਼ਾ ਦੇਖਣ ਵਿਚ ਔਂਦੀ ਹੈ। ਕਬੀਰ ਜੀ ਨੇ ਕਿਹਾ ਹੈ, "ਬਿਰਹੁ ਭੁਯੰਗਮ ਮਨ ਬਸੈ ਮਨਤ ਨ ਮਾਨਹਿ ਕੋਇ। ਰਾਮ ਵਿਯੋਗੀ ਨ ਜੀਐ ਜੀਐ ਤ ਬਉਰਾ ਹੋਇ" ਦਰਸ਼ਨ ਅਭਿਲਾਸ਼ੀ ਬਿਰਹੀ ਤਾਂ ਦੀਵਾਨਗੀ ਦਾ ਰੂਪ ਹੀ ਹੋ ਜਾਂਦਾ ਹੈ। ਕਿਸੇ ਸੱਜਣ ਨੇ ਉਸ ਦੀਆਂ ਅਵਸਥਾ ਦਾ ਨਕਸ਼ਾ ਖਿਚਦਿਆਂ ਹੋਇਆਂ ਬਹੁਤ ਸੁੰਦਰ ਮਿਸਰੇ ਕਹੇ ਹਨ।- "ਆਸ਼ਕਾਂਰਾਨੇਂ ਨਿਸ਼ਾਨੀਐ ਪਿਸਰ। ਆਹ ਸਰਦੇ ਰੰਗ ਜ਼ਰਦੋ ਚਸ਼ਮ ਤਰ। ਇੰਤਜ਼ਾਰੀ, ਬੇਕਰਾਰੀ

ਬੇਅਰਾਮ। ਕਮ ਗੁਫਤਨੋ ਕਮ ਖ਼ੁਰਦਨੋ ਖ਼ਾਬੇ ਹਰਾਮ" ਅਰਥਾਤ ਪਰਮੇਸ਼ਰ ਤਥਾ ਗੁਰੂ ਪ੍ਰੇਮੀਆਂ ਦੀਆਂ ਨੌਂ ਨਿਸ਼ਾਨੀਆਂ ਹਨ:- (੧) ਆਹ ਸਰਦ! ਠੰਡੀਆਹ, (੨) ਰੰਗ ਜ਼ਰਦ (ਪੀਲਾ), (੩) ਅੱਖਾਂ ਪ੍ਰੇਮ ਅੱਥਰੂਆਂ ਨਾਲ ਤਰ, (੪) ਉਡੀਕ, (੫) ਚਿੱਤ ਦੀ ਅਸ਼ਾਂਤੀ, (੬) ਬੇਅਰਾਮੀ, (੭) ਥੋੜਾ ਬੋਲਣਾਂ, (੮) ਥੋੜਾ ਖਾਣਾਂ ਤੇ, (੯) ਨੀਂਦ ਦਾ ਨਾ ਪੈਣਾ। ਗੁਰਬਾਣੀ ਵਿਚ ਲਗਪਗ ਏਨ੍ਹਾਂ ਸਾਰੇ ਹੀ ਚਿਨ੍ਹਾਂ ਦਾ ਵਰਨਨ ਹੈ। ਯਥਾ- "ਘਰ ਨਹੀਂ ਆਵੈ ਮਰੀਐ ਹਾਵੈ"। "ਮੋਹਨ ਘਰ ਨਹੀਂ ਆਵੈ ਹਾਵੇ ਹਾਰ ਕਜਰ ਬਸਤ੍ਰ ਆਭਰਨ ਕੀਨੋ। ਉਡੀਨੀ ਉਡੀਨੀ ਉਡੀਨੀ ਕਬ ਘਰ ਆਵੈ ਰੀ"। "ਮੰਦਰ ਚੜਕੈ ਪੰਥ ਨਿਹਾਰਿਉ ਨੈਨ ਨੀਰ ਭਰ ਆਇਓ"। "ਪੰਥ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ"। "ਰੈਣ ਨ ਵਿਹਾਵੈ ਨੀਦ ਨ ਆਵੈ"। ਖੰਭ ਵਿਕਾਂਦੜੇ ਜੇ ਲਹਾਂ ਘਿਨਾਂ ਸਾਵੀ ਤੋਲ। ਤਨ ਜੜਾਈ ਆਪਣੇ ਲਹਾ ਸੁ ਸਜਣ ਟੋਲ"। "ਹਰਿ ਬਿਨ ਨੀਦ ਭੂਖ ਕਹੁ ਕੈਸੀ ਕਾਪੜ ਤਨ ਨ ਸੁਖਾਵਏ"- "ਉਡਹੁ ਨ ਕਾਗਾ ਕਾਰੇ। ਬੇਗ ਮਿਲੀਜੈ ਅਪਨੇ ਰਾਮ ਪਿਆਰੇ"। ਅਜੇਹੀ ਬਾਣੀ ਦਾ ਕੀਰਤਨ, ਜਿਸ ਵਿਚ ਪ੍ਰੇਮੀਆ ਦੀਆਂ ਪੂਰਵੋਕਤ ਅਵਸਥਾਵਾਂ ਦਾ ਹਿਰਦੇ ਵੇਧਕ ਵਰਣਨ ਹੋਵੇ ਦੀਵਾਨਾਂ ਅੰਦਰ ਤੜਫਾਟ ਪੈਂਦਾ ਕਰ ਦਿੰਦਾ ਹੈ। ਜੈਸੀ ਜੈਸੀ ਕਿਸੇ ਦੀ ਅਵਸਥਾ ਦੀ ਹੁੰਦੀ ਹੈ, ਉਸਦੇ ਅਨੁਸਾਰ ਹੀ ਉਸ ਤੋਂ ਹਰਕਤਾਂ ਪੈਦਾ ਹੋਣ ਲਗਦੀਆਂ ਹਨ। ਕਈ ਚਾਂਗਰਾ ਮਾਰ ਮਾਰ ਰੋਣ ਲਗ ਪੈਂਦੇ ਹਨ, ਕਈ ਮੁਰਛਿਤ ਹੋ ਕੇ ਧੜੱਮ ਡਿੱਗ ਪੈਂਦੇ ਹਨ। ਕਈਆਂ ਦੇ ਬੈਠਿਆਂ ਬੈਠਿਆਂ ਦੇ ਨੈਣ ਕਟੋਰੇ ਪ੍ਰੇਮ ਅਥਰੂਆਂ ਨਾਲ ਛਲਕਣ ਲਗ ਪੈਂਦੇ ਹਨ। ਪਰ ਇਹ ਸਭ ਕੁਛ ਉਸ ਸੂਰਤ ਵਿਚ ਹੀ ਮੂਰਤੀਮਾਨ ਹੁੰਦਾ ਹੈ। ਜਿਸ ਵਿਚ ਕਹਿਣ ਯਾ ਗਾਉਣ ਵਾਲੇ ਵੀ ਰਸਿਕ ਤਬੀਯਤ ਹੋਣ ਵਾਲੇ ਤੇ ਸ਼੍ਰੋਤੇ ਵੀ ਆਪਣੀਆਂ ਬਿਰਤੀਆਂ ਨੂੰ ਕੀਰਤਨ ਦੀ ਧੁਨੀ ਵਿਚ ਜੋੜ ਕੇ ਪ੍ਰੀਤਮ ਦੇ ਚਰਨ ਕਮਲਾਂ ਨਾਲ ਇਕ ਸੁਰ ਹੋਣ।ਜਿੰਨਾਂ ਸ੍ਰੋਤਿਆਂ ਦੀ ਤਾਰ ਚਰਨ ਕਮਲਾਂ ਨਾਲ ਜੁੜੀ ਹੋਵੇਗੀ, ਉਨ੍ਹਾਂ ਨੂੰ ਸੂਤਰ ਹੋ ਜਾਵੇਗਾ। ਕਈ ਵਾਰ ਅਜੇਹਾ ਵੀ ਹੁੰਦਾ ਹੈ ਕਿ ਚੰਗੇ ਪ੍ਰੇਮੀ ਵੀ ਬਿਰਤੀ ਦੀ ਬਾਹਰ ਮੁਖਤਾਂ ਨੂੰ ਨਾ ਰੋਕ ਸਕੱਣ ਦੇ ਕਾਰਨ ਮਸਤਾਨੇ ਨਹੀਂ ਹੁੰਦੇ ਤੇ ਬਾਜੇ ਵੇਲੇ ਬਹੁਤ ਹੀ ਘੱਟ ਪ੍ਰੇਮੀਆਂ ਤੇ ਕਿਰਪਾ ਹੋ ਜਾਣ ਦੇ ਕਾਰਨ ਰੰਗ ਵਿਚ ਹੋ ਜਾਂਦੇ ਹਨ। ਇਸ ਵੇਲੇ ਇਸ ਗਲ ਦੀ ਉੱਕਾ ਵਿਚਾਰ ਨਹੀਂ ਰਹਿ ਜਾਂਦੀ ਕਿ ਮੈਂਨੂੰ ਕੋਈ ਕੀ ਆਖੇਗਾ ? ਲੋਕ ਲਾਜ, ਕੁਲ ਲਾਜ ਅਤੇ ਵਡਿਆਈ ਖਿਆਲ ਪ੍ਰੇਮ ਕਾਂਗ ਦੇ ਪ੍ਰਵਾਹ ਅਗੇ ਰੁੜ੍ਹਦੇ ਜਾਂਦੇ ਲੱਭਦੇ ਤੱਕ ਨਹੀਂ। ਸਾਕਤ ਲੋਕ ਮਖ਼ੌਲ ਕਰਨ, ਟਿਚਕਰਾਂ ਕਰਨ, ਨੱਕ ਵਟਣ, ਪਰ ਉਹ ਇਨਾਂ ਗਲਾਂ ਦੀ ਕੀ ਪ੍ਰਵਾਹ ਕਰਦੇ ਹਨ। ਉਹ ਤਾਂ –'ਲੋਗਨ ਕੀ ਚਤਰਾਈ ਉਪਮਾਂ" ਨੂੰ ਲੰਬੂ ਲਾ ਕੇ ਸਾੜਨ ਦੇ ਸੋਹਲੇ ਗਾਉਂਦੇ ਹੋਏ ਕਹਿੰਦੇ ਹਨ :- ਆਲਿਮੋ ਆਕਿਲ ਕੋ ਜਾਨਾਂ ਉਸ ਜਗਹ ਦੁਸ਼ਵਾਰ ਹੈ। ਮਸਤੋ ਦੀਵਾਨਾ ਕੋ ਕੁਛ ਤੌਕੀਰ ਕੀ ਹਾਜਤ ਨਹੀਂ"।

(੪) ਰਾਮ ਵਿਯੋਗੀਆਂ ਉੱਤੇ ਅਜੇਹਾ ਸਮਾਂ ਵੀ ਆਉਂਦਾ ਹੈ, ਜਦਕਿ ਉਹਨਾਂ ਨੂੰ ਪਿਆਰੇ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੁੰਦਾ ਹੈ। ਕਈ ਵਾਰ ਸੂਖਮ ਦ੍ਰਿਸ਼ਟੀ ਨਾਲ ਸੂਖਮ ਦਰਸ਼ਨ ਹੁੰਦੇ ਹਨ ਤੇ ਬਾਜੇ ਵੇਲੇ ਪ੍ਰਤੱਖ ਅਨੁਭਵ ਵੀ ਹੁੰਦਾ ਹੈ। ਜਿਸਤ੍ਰਾਂ ਵਿਆਹ ਵਾਲੇ ਘਰ ਢੋਲ ਢਮੱਕਾ ਸ਼ੁਰੂ ਹੁੰਦਾ, ਵਧਾਈਆਂ ਵਜਦੀਆਂ ਤੇ ਗਿੱਧੇ ਪੈਣੇ ਸ਼ੁਰੂ ਹੋ ਜਾਂਦੇ ਹਨ। ਜਿਸ ਤ੍ਰਾਂ ਪ੍ਰੇਮ ਮੰਡਲ ਵਿਚ ਵੀ ਹੁਲਾਸ ਪੈਦਾ ਹੋਣ ਦੇ ਕਾਰਨ ਘੁੰਮਰ ਪੈਣੇ ਅਰੰਭ ਹੋ ਜਾਂਦੇ ਹਨ। ਜਿਸਤ੍ਰਾ ਮੇਘ ਨੂੰ ਦੇਖ ਦੇਖ ਮੋਰ ਪੈਲਾਂ ਪਾਉਂਦੇ ਹਨ, ਤਿਵੇਂ ਹੀ ਗੁਰਸਿੱਖ ਮੋਰ ਪ੍ਰੀਤਮ ਪਿਆਰੇ ਦੇ ਸਰੂਰ ਵਿਚ ਆਕੇ ਹਰਿ ਗੁਣ ਗਾਇਨ ਕਰਦੇ ਹੋਏ ਨੱਚ ਉਠਦੇ ਹਨ। ਜੇ ਕਿੱਤੇ ਕਬੀਰ ਦੀ ਨੋਂਹਵਾਂਗ ਕੋਈ ਅਜੇਹੇ ਸਮੇਂ ਲੋਕ ਲਾਜ ਦਾ ਘੁੰਡ ਕੱਢਣ ਦੀ ਕੋਸ਼ਿਸ਼ ਕਰੇ ਤਾਂ ਉਸ ਨੂੰ ਬੇਲਿਹਾਜ ਹੋਏ ਕਹਿੰਦੇ ਹਨ- "ਘੂੰਘਟ ਤੇਰਾ ਤਉ ਪਰ ਸਾਚੈ। ਹਰਿ ਗੁਣ ਗਾਇ ਕੂਦਹਿ ਅਰ ਨਾਚਹਿ"। ਕੀਰਤਨ ਕਰਦੇ ਹੋਏ ਠੁਮਕ ਠੁਮਕ ਤਾਲ ਪੂਰਦੇ ਹਨ ਤੇ ਹੋਰਨਾਂ ਨੂੰ ਵੀ ਪ੍ਰੇਰਨਾ ਕਰਦੇ ਹੋਏ ਚੁਟਕੀਆਂ ਮਾਰ ਮਾਰ ਆਖਦੇ ਹਨ-"ਇਤਿ ਰੰਗਿ ਨਾਚਹੁ ਰਖਿ ਰਖਿ ਪਾਉ॥" ਉਹ ਨਚਦੇ ਹਨ ਰੰਗ ਵਿਚ ਰਤੇ ਹੋਏ, ਇਸ ਲਈ ਉਹਨਾਂ ਦਾ ਨਾਚ ਪ੍ਰਵਾਨ ਹੈ। ਸੂਤਰ ਹੀ ਹੁਲਾਸ ਮਈ ਅਵਸਥਾ ਦਾ ਪ੍ਰਦਰਸ਼ਕ ਹੈ। ਕਾਸ਼ਕਿ "ਰੋਟੀਆਂ ਕਾਰਨ ਪੂਰਹਿ ਤਾਲ" ਵਾਲੇ ਵਾਚਕ ਗਿਆਨੀ, ਜੋ ਅਜਿਹੇ ਪ੍ਰੇਮੀਆਂ ਨੂੰ ਰੰਗ ਅੰਦਰ ਨਚਦੇ ਨੱਕ ਵਟਦੇ ਹਨ, ਇਸ ਰੱਬੀ ਨਾਚ ਦੀ, ਅਸਲੀਅਤ ਦੀ ਸਮਝਣ ਦੀ ਕੋਸ਼ਿਸ਼ ਕਰਨ। ਉਹਨਾਂ ਨੂੰ ਇਸ ਗਲ ਦੀ ਸਮਝ ਆ ਜਾਵੇ ਕਿ- "ਨਾਨਕ ਐਸੀ ਨਿਰਤ ਨਰਕ ਨਿਵਾਰੈ" ਮਹਾਵਾਕ ਅਨੁਸਾਰ ਇਹ ਨਾਚ ਕਲਿਆਣ ਕਾਰੀ ਨਾਚ ਹੈ। ਵੈਸੈ ਤਾਂ "ਪਇਐ ਕਿਰਤ ਨਚਹਿ ਸਭ ਕੋਇ।" ਅਨੁਸਾਰ ਸਾਰਾ ਸੰਸਾਰ ਹੀ

ਆਪਣੇ ਆਪਣੇ ਵਿਹਾਰ ਅੰਦਰ ਨਚ ਰਿਹਾ ਹੈ। ਕੰਗ ਬ੍ਰਹਿਮੰਡ, ਤ੍ਰੈ ਗੁਣ ਤੇ ਚਾਰੇ ਖਾਣੀਆਂ ਵੀ ਆਪਣੇ ਆਪਣੇ ਰੰਗ ਵਿਚ ਨਾਚ ਕਰ ਰਹੀਆਂ ਹਨ। ਕ੍ਰੋਧੀ ਕ੍ਰੋਧ ਅੰਦਰ "ਨਿਯਤ੍ਰੰ ਕਰੰਤਿ ਜਥਾ ਮਰਕਟਹ" ਅਰਥਾਤ ਬਾਂਦਰ ਵਾਂਗ ਨਚ ਰਹੇ ਹਨ। ਲੋਭੀ ਲੋਭ ਦੀ ਚੇਸ਼ਟਾ ਅੰਦਰ "ਨਾਚਿਓ ਘਰਿ ਘਰਿ ਬਾਰ" ਦੇ ਵਾਕ ਨੂੰ ਮੂਰਤੀ ਮਾਨ ਕਰ ਰਹੇ ਹਨ। ਫੌਜੀ ਪ੍ਰੇਡ ਕਰਦੇ ਹੋਏ ਇਕ ਖਾਸ ਕਿਸਮ ਦੇ ਨਾਚ ਦਾ ਅਭਿਯਾਸ ਕਰਦੇ ਰਹਿੰਦੇ ਹਨ। ਸਕੂਲਾਂ ਦੇ ਮੁੰਡੇ ਸਕੂਲਾਂ ਦੀਆਂ ਗਰਾਊਂਡਾਂ ਅੰਦਰ, ਲੈਫਟ ਰਾਈਟ, ਕੁਇਕ ਮਾਰਚ, ਡਬਲ ਮਾਰਚ, ਮਾਰਕ ਟਾਈਮ, ਹਾਲਟ, ਨੀਲ ਡਾਊਨ, ਲਾਈ ਡਾਉਂਦੇ ਤੇ ਸਟੈਂਡ ਆਪ ਦੇ ਅਨੇਕਾਂ ਰੂਪਾਂ ਵਿਚ ਨਚ ਰਹੇ ਹਨ, ਪ੍ਰਤੂੰ ਨਰਕ ਨਿਵਾਰਕ ਨਾਚ ਉਨ੍ਹਾਂ ਪ੍ਰੇਮੀਆ ਦਾ ਹੈ, ਜੋ ਆਪਨੇ ਰੰਗ ਵਿਚ ਰੰਗੇ ਹੋਏ ਚੁਟਕੀਆਂ ਮਾਰ ਮਾਰ ਗਾਉਂਦੇ ਹਨ:-"ਨਉਨਿਧਿ ਪਾਈ ਵਜੀ ਵਧਾਈ ਵਾਜੇ ਅਨ ਹਦ ਤੂਰੇ। ਕਹੁ ਨਾਨਕ ਮੈ ਵਰ ਘਰਿ ਪਾਇਆ ਮੇਰੇ ਲਾਥੇ ਜੀ ਸਕਲ ਵਿਸੂਰੇ"।

ਕਈ ਵਿਚਾਰੇ ਅਜੇਹੇ ਹਨ, ਜੋ ਸੂਤਰ ਦੀਆਂ ਪੂਰਵੋਕਤ ਅਵਸਥਾਂਵਾਂ ਦੇ ਮਰਮ ਨੂੰ ਸਮਝ ਹੀ ਨਹੀਂ ਸਕਦੇ। ਅਰ ਕਈ ਅਜੇਹੇ ਹਨ, ਜਿੰਨਾਂ ਨੂੰ ਗਵਾਂਢੀਆਂ ਦੇ ਘਰ ਵਧਾਈਆਂ ਵਜਦੀਆਂ ਤੇ ਗਿੱਧੇ ਪੈਂਦੇ ਵੇਖ ਕੇ ਉਂਝ ਹੀ ਸੜ ਉਠਦਾ ਹੈ।ਜਿਸ ਕਰਕੇ ਉਹ ਉਹਨਾਂ ਪ੍ਰੇਮੀਆਂ ਬਾਬਤ ਅਨਜਾਣ ਲੋਕਾਂ ਵਿਚ ਕਈ ਤਰਾਂ ਦੀਆਂ ਗਲਤ ਫਹਮੀਆਂ ਪੈਂਦਾ ਕਰਨ ਦੀਆਂ ਚੇਸਟਾਂ ਕਰਦੇ ਹਨ। ਇਸ ਲਈ ਇਹ ਜਰੂਰੀ ਸਮਝਿਆ ਗਿਆ ਹੈ ਕਿ ਇਸ ਅਤਿ ਲੋੜੀਂਦੇ ਵਿਸ਼ੇ ਸੰਬਧੀ ਇਹ ਛੋਟੀ ਜੇਹੀ ਸੈਂਚੀ ਖੋਜੀਆਂ ਦੀ ਸੇਵਾ ਵਿਚ ਭੇਟ ਕੀਤੀ ਜਾਵੇ। ਇਸ ਵਿਚ ਸੂਤਰ ਦੇ ਭਿੰਨ ਭਿੰਨ ਰੂਪਾਂ ਤੇ ਅਵਸਥਾਵਾਂ ਤੇ ਚਾਨਣਾਂ ਪਾਣ ਦਾ ਪੂਰਾ ਪੂਰਾ ਜਤਨ ਕੀਤਾ ਗਿਆ ਹੈ ਅਤੇ ਇਸ ਨੂੰ ਗੁਰਬਾਣੀ ਦੀ ਰੋਸ਼ਨੀ ਹੇਠ ਦਰਸ਼ਾਣ ਦੀ ਯਥਾ ਸ਼ਕਤਿ ਕੋਸ਼ਿਸ਼ ਕੀਤੀ ਗਈ ਹੈ। ਇਹ ਟ੍ਰੈਕਟ ਇਕ ਵਾਰ ਪਹਿਲੋਂ ਵੀ (ਕਈ ਸਾਲ ਹੋਈ) ਪ੍ਰਕਾਸ਼ਿਤ ਕੀਤਾ ਗਿਆ ਸੀ। ਪ੍ਰਤੂੰ ਐਂਤਕੀਂ ਇਸ ਅੰਦਰ ਇਸ ਭੂਮਿਕਾ ਲੇਖ ਤੋਂ ਬਿਨਾਂ ਸਤਿਜੁਗ ਦੇ ੨੨ ਮਾਘ ੧੯੯੪ ਦੇ ਬਸੰਤ ਅੰਕ ਦਾ -"ਸੂਤਰ ਦਰਸ਼ਨ" ਨਾਮੀ ਉਹ ਲੇਖ ਵੀ ਛਾਪ ਦਿੱਤਾ ਗਿਆ ਹੈ, ਜਿਸ ਵਿਚ ਇਸ ਪ੍ਰਕਰਣ ਤੇ ਆਲਿਮਾਨਾਂ ਵਿਚਾਰ ਕੀਤਾ ਗਿਆ ਹੈ ਅਤੇ ਟ੍ਰੈਕਟ ਰੂਪ ਵਿਚ ਛਾਪਣ ਬਾਬਤ ਹੁਣ ਤੱਕ ਕਈ ਬੇਨਤੀ ਪੱਤਰ ਪ੍ਰਾਪਤ ਹੋ ਚੁੱਕੇ ਹਨ। ਨਾਮਧਾਰੀ ਪ੍ਰਚਾਰਕਾਂ ਨੂੰ ਚਾਹੀਦਾ ਹੈ ਕਿ ਇਸ ਨੂੰ ਚੰਗੀ ਤਰ੍ਹਾਂ ਹਿਰਦੇ ਅੰਕਿਤ ਕਰਨ ਦਾ ਜਤਨ ਕਰਨ ਅਤੇ ਧਨੀ ਨਾਮਧਾਰੀਆਂ ਨੂੰ ਵਾਜਬ ਹੈ ਕਿ ਉਹ ਇਸ ਦੀਆਂ ਹਜ਼ਾਰ ਪ੍ਰਤੀਆਂ ਆਪਣੇ ਖਰਚ ਤੇ ਛਪਵਾ ਕੇ ਪ੍ਰਚਾਰ ਹਿਤ ਵੰਡਣ। ਮੈਂ ਇਸ ਚੀਜ਼ ਨੂੰ ਆਪਣੇ ਪਿਆਰੇ ਪੰਥ ਦੀ ਭੇਟਾ ਕਰਨ ਵਿਚ ਹੀ ਆਪਣਾ ਗੌਰਵ ਸਮਝਦਾ ਹਾਂ। ਅਤੇ ਇਸ ਦੇ ਇਵਜ਼ ਵਿਚ 'ਪੰਥ ਦੀ ਸ਼ੁਭ ਅਸੀਸ" ਤੋਂ ਬਿਨਾ ਕਿਸੇ ਹੋਰ ਵਸਤੂ ਦਾ ਚਾਹਵਾਨ ਨਹੀਂ ਹਾਂ। ਮੈਂ ਆਸ ਕਰਦਾ ਹਾ ਕਿ ਇਸ ਟ੍ਰੈਕਟ ਦੇ ਪਾਠਕ ਇਸ ਨੂੰ ਨਿਰਪੱਖ ਦ੍ਰਿਸ਼ਟੀ ਨਾਲ ਵਾਚਕੇ ਲਾਭ ਪ੍ਰਾਪਤ ਕਰਨ ਦਾ ਪ੍ਰਯਤਨ ਕਰਨਗੇ।

ਤ੍ਰੀਕ ਪ੍ਰਕਾਸ਼ਰਣ — ਦਾਸ-ਨਿਧਾਨ ਸਿੰਘ "ਆਲਿਮ"
੧੧ ਚੇਤ੍ਰ ੨੦੦੧

# ਵਿਸ਼ਵ ਨਾਚ
## ਕਿਓਂ ਨਾ ਭਗਤ ਪ੍ਰੇਮ ਦੇ ਵਿਚ ਨੱਚਣ ?

-:-0-:-

ਭੌਰੇ ਨੱਚਦੇ ਫਿਰਨ ਅਲਮਸਤ ਹੋ ਕੇ ,
ਜਦੋਂ ਪ੍ਰੇਮ ਦੀ ਖਿੜੀ ਗੁਲਜ਼ਾਰ ਹੋਵੇ।
ਮੋਰ ਕੁਹਕਦੇ ਤੇ ਪੈਲਾਂ ਪਾਵਦੇ ਨੇ,

ਜਦੋਂ ਬੱਦਲਾਂ ਸੰਦੀ ਬਹਾਰ ਹੋਵੇ।
ਹਰਨ ਨੱਚਦੇ ਚੁੰਗੀਆਂ ਮਰਦੇ ਨੇ,
ਜਦੋਂ ਸ਼ਬਦ ਦਾ ਸੋਹਣਾ ਛਣਕਾਰ ਹੋਵੇ।
ਸੱਪ ਜ਼ਹਿਰ ਵਾਲੇ ਵੀ ਪਏ ਨੱਚਦੇ ਨੇ,
ਜਦੋਂ ਬੀਨ ਦੀ ਮਸਤ ਗੁਫਤਾਰ ਹੋਵੇ।
ਕਿਉਂ ਨਾ ਭਗਤ ਪ੍ਰੇਮ ਦੇ ਵਿਚ ਨੱਚਣ ?
ਰੱਬੀ ਰੰਗ ਅੰਦਰ ਜੇੜ੍ਹੇ ਰੰਗੇ ਹੋਏ ਨੇ ।
ਕਿਉਂ ਨਾ ਪ੍ਰੇਮ ਦੀ ਉਨ੍ਹਾਂ ਨੂੰ ਚੜ੍ਹੇ ਰੰਗਣ,
ਜੇਹੜੇ ਵਿਸ਼ੇ ਵਿਕਾਰਾਂ ਤੋਂ ਸੰਗੇ ਹੋਏ ਨੇ।
-:-0-:-
ਕੋਈ ਕਾਮ ਦੀ ਚੇਸ਼ਟਾ ਵਿਚ ਨੱਚਦਾ,
ਪਰਦਾ ਲਾਹ ਹਯਾ ਤੇ ਸ਼ਰਮ ਵਾਲਾ ।
ਕੋਈ ਕ੍ਰੋਧ ਅੰਦਰ ਬਾਂਦਰ ਵਾਂਗ ਨੱਚੇ,
ਰਖੇ ਖਿਆਲ ਨਾ ਧਰਮ ਅਧਰਮ ਵਾਲਾ।
ਕੋਈ ਲੋਭ ਪਿਛੇ ਗਲੀ ਗਲੀ ਨੱਚਦਾ,
ਫਲ ਪਾਂਵਦਾ ਮਰਨ ਤੇ ਜਰਮ ਵਾਲਾ।
ਕੋਈ ਮੋਹ ਦੇ ਤਾਲ ਛਣਕਾਂਵਦਾ ਹੈ,
ਚੋਲਾ ਪਹਿਨ ਅਗਯਾਨ ਤੇ ਭਰਮ ਵਾਲਾ।
ਸਭ ਹੈਵਾਨ ਨੱਚਣ ਤੇ ਇਨਸਾਨ ਨੱਚਣ,
ਪੰਛੀ ਨੱਚਦੇ ਖੰਬ ਖਿਲਾਰ ਕਰਕੇ।
ਕਿਉਂ ਨਾ ਭਗਤ ਪ੍ਰੇਮ ਦੇ ਤਾਲ ਪੂਰਨ ?
ਪ੍ਰੀਤਮ ਪਿਆਰੇ ਦੇ ਨਾਲ ਪਿਆਰ ਕਰਕੇ।
-:-0-:-
ਕੋਈ ਵਿਚ ਕਚਹਿਰੀਆਂ ਨੱਚਦੇ ਨੇ ,
ਕਿਸੇ ਖ਼ਬਤ ਅੰਦਰ ਪਏ ਟੱਪਦੇ ਨੇ।
ਕੋਈ ਹਾਕਮਾਂ ਦੇ ਅਗੇ ਤਾਲ ਕੱਢਦ,
ਕਦਮ ਕਦਮ ਤੇ ਪਏ ਤੜੱਫਦੇ ਨੇ।
ਕੋਈ ਕੂੜ ਦੇ ਘੁੰਗਰੂ ਬੰਨ੍ਹ ਪੈਰੀਂ,
ਝੂਠੇ ਪਾਣ ਘੁੰਮਰ ਗੰਢਾਂ ਕੱਪਦੇ ਨੇ।
ਕਈ ਵਕੀਲ ਵਕਾਲਤਾਂ ਕਰਨ ਵੇਲੇ,
ਕਰਦੇ ਨਾਚ ਦਿਮਾਗ਼ ਦਾ ਖੱਪਦੇ ਨੇ।
ਹਾਕਮ ਨੱਚਦੇ ਬੈਠਕੇ ਕੁਰਸੀਆਂ ਤੇ,
ਹੱਥਾਂ ਵਿਚ ਵੀ ਕਲਮ ਪਈ ਨਚਦੀ ਹੈ।
ਆਲਿਮ ਭਗਤ ਕਿਉਂ ਨਾ ਨੱਚਣ ਪ੍ਰੇਮ ਅੰਦਰ,
ਅੰਦਰ ਜਿਨ੍ਹਾਂ ਦੇ ਰੋਸ਼ਨੀ ਸੱਚ ਦੀ ਹੈ।
-:-0-:-

## **ਸੂਤਰ-ਦਰਸ਼ਨ**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਾਜੇ ਨਿਵਾਜੇ ਨਾਮਧਾਰੀ ਪੰਥ ਦੇ ਜਦ ਦੀਵਾਨ ਸਜ਼ਦੇ ਹਨ ਅਤੇ ਕੀਰਤਨ ਦਾ ਰੰਗ ਬਝਦਾ ਹੈ ਤਾਂ ਕਈ ਸਾਧੂ ਹਾਲ ਤੋਂ ਬਿਹਾਲ ਹੋ ਜਾਂਦੇ ਹਨ, ਕਈ ਨਚਦੇ ਤੇ ਕਈ ਕੁਦ ਦੇ ਹਨ, ਕਈ ਖੇਡਣ ਲਗ ਪੈਂਦੇ ਹਨ, ਕਈ ਬੇਹੋਸ਼ ਹੋ ਕੇ ਡਿੱਗ ਪੈਂਦੇ ਹਨ ਅਤੇ ਕਈ ਭੁੱਬਾਂ ਮਾਰ ਕੇ ਰੋਈ ਜਾਂਦੇ ਹਨ। ਹੋਰ ਵੀ ਕਈ ਅਜੇਹੀਆਂ ਹਰਕਤਾਂ ਉਨ੍ਹਾਂ ਤੋਂ ਪ੍ਰਗਟ ਹੁੰਦੀਆਂ ਹਨ, ਜਿਨ੍ਹਾਂ ਨੂੰ ਬੁੱਧਵਾਨ ਲੋਕ ਸ਼ੁਦਾਈਆਂ ਦੇ ਲੱਛਣ ਸਮਝਦੇ ਹਨ। ਨਾਮਧਾਰੀ ਮੁਹਾਵਰੇ ਅਨੁਸਾਰ ਏਨ੍ਹਾ ਹਾਲਤਾਂ ਦਾ ਨਾਮ ਹੀ "ਸੂਤਰ" ਹੈ। ਅਸਲ ਵਿਚ ਨਾਮਧਾਰੀਆਂ ਦਾ "ਸੂਤਰ" ਤੇ ਮੁਸਲਮਾਨ ਸ਼ੁਫੀਆਂ ਦਾ "ਵਜਦ" ਇੱਕੋ ਹੀ ਚੀਜ਼ ਹਨ। ਆਮ ਬੋਲ ਚਾਲ ਵਿਚ ਇਸ ਨੂੰ ਮਸਤੀ ਭੀ ਕਹਿੰਦੇ ਹਨ। ਮਸਤ ਆਦਮੀਂ ਵਿਚ ਵਲ ਵਲ ਕਪਟ ਤੇ ਫਰੇਬ ਦਾ ਅਭਾਵ ਹੋਣ ਦੇ ਕਾਰਨ ਉਹ ਸਿੱਧਾ ਹੁੰਦਾ ਹੈ ਤੇ ਸਿਧਾਈ ਵਾਸਤੇ ਸੂਤਰ ਸ਼ਬਦ ਦੀ ਵਰਤੋਂ ਢਾਡੀ ਹੀ ਸਾਰਥਕ ਹੈ। ਸੂਤਰ ਸਬਦ ਧਾਗੇ ਦਾ ਵਾਚਕ ਹੈ। ਕਾਰੀਗਰ ਲੋਕ ਵੀ ਜਿਸ ਲਕੜੀ ਨੂੰ ਸਿੱਧੀ ਅਤੇ ਕਾਰ ਆਮਦਾ ਕਰਨਾਂ ਚਾਹੁਣ ਉਸ ਤੇ ਧਾਗੇ ਨਾਲ ਹੀ ਨਿਸ਼ਾਨ ਕਰਦੇ ਹਨ ਅਤੇ ਉਹਨਾਂ ਦੇ ਸੰਕੇਤ ਅਨੁਸਾਰ ਵੀ ਉਸ ਧਾਗੇ ਦਾ ਨਾਮ "ਸੂਤਰ" ਹੀ ਪ੍ਰਸਿੱਧ ਹੈ। ਜਿਵੇਂ ਲਕੜੀ ਨੂੰ ਸੂਤਰ ਸਿੱਧੀ ਕਾਰ ਅਤੇ ਕਾਰ ਆਮਦ ਕਰ ਦਿੰਦਾ ਹੈ, ਏਸ ਤ੍ਰਾਂ ਕਿਸੇ ਮਨੁੱਖ ਤੇ ਵੀ ਜਦ ਸੂਤਰ ਦਾ ਅਸਰ ਹੁੰਦਾ ਹੈ ਤਾਂ ਉਹ ਵਲ ਛਲ ਅਤੇ ਕਪਟ ਆਦਿਕ ਵਿੰਗਾਂ ਤੋਂ ਰਹਿਤ ਹੋ ਕੇ ਮਨੁਖੀ ਜੀਵਨ ਦਾ ਆਤਮਿਕ ਨਿਸ਼ਾਨ ਨੂੰ ਛੁੰਡਣ ਦੇ ਯੋਗ ਹੋ ਜਾਂਦਾ ਹੈ। ਜਿਸ ਤ੍ਰਾਂ ਸੂਤਰ ਦੀ ਤਾਰ ਪਾਟਿਆਂ ਨੂੰ ਸੀਂਉਦੀ ਤੇ ਟੁੱਟਿਆ ਨੂੰ ਗੰਢਦੀ ਹੈ। ਇਸੇ ਤ੍ਰਾਂ ਪਰਮਾਰਥ ਵਿਚ ਸੂਤਰ ਵੀ ਰੱਬ ਨਾਲੋਂ ਟੁੱਟਿਆਂ ਨੂੰ ਉਸ ਨਾਲ ਗੰਡਦਾ ਹੈ ਅਤੇ ਜਗਿਆਸੂਆਂ ਨੂੰ ਪ੍ਰਮੇਸ਼ਰ ਦੇ ਚਰਨਾਂ ਨਾਲ ਸੀਂਉਂਦਾ ਹੈ ਯਾ ਜੋੜਦਾ ਹੈ। ਮੈਨੂੰ ਮੇਰੇ ਕੁਛ ਸਜੱਣਾਂ ਨੇ ਇਸ ਸਾਲ ਦੇ ਸਤਿਜੁਗ ਬਸੰਤ ਅੰਕ ਵਾਸਤੇ ਏਸ (ਸੂਤਰ) ਦੇ ਵਿਸ਼ਯ ਸਬੰਧੀ ਲੇਖ ਲਿਖਣ ਵਾਸਤੇ ਮਸ਼ਵਰਾ ਦਿੱਤਾ ਸੀ, ਪ੍ਰਤੂੰ ਇਹ ਪ੍ਰਕਰਣ ਅਜੇਹਾ ਹੈ ਕਿ ਜਿਸ ਦੀ ਬਾਬਤ ਬੜੇ ਬੜੇ ਆਰਿਫਾਂ ਅਤੇ ਰਿਸ਼ੀਆਂ ਮੁਨੀਆਂ ਨੇ ਆਪਣੀ ਮਜ਼ਬੂਰੀ ਪ੍ਰਗਟ ਕੀਤੀ ਹੈ। ਉਹਨਾਂ ਨੇ ਤਾਂ ਭਾਵੇਂ ਸਿਰ ਫੇਰਦਿਆਂ ਫੇਰਦਿਆਂ ਵੀ ਬਹੁਤ ਕੁਛ ਲਿਖ ਦਿੱਤਾ ਹੈ।ਪਰ ਮੈਂ ਤਾਂ ਉਹਨਾਂ ਦੇ ਚਰਨਾਂ ਦੀ ਧੂੜ ਜੇਹਾ ਵੀ ਨਹੀਂ। ਜੋ ਸੂਤਰ ਸੰਬਧੀ ਕੁਛ ਕਹਿਣ ਲਿਖਣ ਦੀ ਦਲੇਰੀ ਕਰਾਂ। ਪਰ ਚੀਨੀ ਵਾਲੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਕੁਛ ਨਾ ਕੁਛ ਲਿਖਣ ਦਾ ਸਾਹਸ ਕੀਤਾ ਹੈ। ਜੋ ਪ੍ਰਵਾਨਗੀ ਦੀ ਸੂਰਤ ਵਿਚ ਮੇਰੇ ਪ੍ਰੀਸ਼ਰਮ ਨੂੰ ਸਫਲਤਾ ਪ੍ਰਦਾਨ ਕਰੇਗਾ। ਸੂਤਰ ਪ੍ਰੇਮ ਦਾ ਵਿਕਾਸ਼ ਹੈ ਅਤੇ ਪ੍ਰੇਮ ਨੂੰ ਨਾਰਦ ਜੈਸੇ ਮਹਾਂਪੁਰਖਾਂ ਨੇ ਨਾ ਕਾਬਲੇ ਬਿਆਨ ਕਿਹਾ ਹੈ।ਸ੍ਰੀ ਨਾਰਦ ਮੁਨੀ ਜੀ ਧ੍ਰੂ ਅਤੇ ਪ੍ਰਹਿਲਾਦ ਆਦਿਕ ਭਗਤਾਂ ਦੇ ਗੁਰਦੇਵ ਹਨ, ਆਪਣੀ ਭਗਤੀ ਦੇ ਇੱਕਵੰਜਵੇਂ ਸੂਤਰ ਵਿਚ ਲ਼ਿਕਦੇ ਹਨ:- "ਅਨਿਰਵਚਨੀਯੰ ਪ੍ਰੇਮ ਸ੍ਰੂਰੂਪਮ।੫੧। ਅਰਥਾਤ ਪ੍ਰੇਮ ਦਾ ਸਰੂਪ ਨਹੀਂ ਬਿਆਨ ਕੀਤਾ ਜਾ ਸਕਦਾ ਹੈ। ਪ੍ਰੇਮ ਅਤੇ ਪ੍ਰਮੇਸ਼ਰ ਵਿਚ ਕੋਈ ਭੇਦ ਨਹੀਂ, ਜਿਸ ਤਰ੍ਹਾਂ ਗੁਰਬਾਣੀ ਦੁਆਰਾ ਬ੍ਰਹਮ ਦਾ ਵਰਨਣ ਅਸੰਭਵ ਹੈ, ਅਤੇ ਵੇਦ 'ਨੇਤਿ ਨੇਤਿ' ਕਹਿ ਕੇ ਚੁਪ ਹੋ ਜਾਂਦੇ ਹਨ, ਏਸੇ ਤ੍ਰਾਂ ਪ੍ਰੇਮ ਦਾ ਵਰਨਣ ਵੀ ਬਾਣੀ ਦੁਆਰਾ ਹੋਣਾ ਅਸੰਭਵ ਜਾਪਦਾ ਹੈ। ਸੰਸਾਰ ਵਿਚ ਅਸੀਂ ਆਮ ਤੌਰ ਤੇ ਏਹ ਵੇਖ ਸਕਦੇ ਹਾਂ ਕਿ ਕਿਸੇ ਪਿਆਰੀ ਚੀਜ਼ ਦਾ ਸਮਾਚਾਰ ਸੁਨਣ ਨਾਲ, ਮਿਲਾਪ ਹੋ ਨਾਲ, ਬਚਨ ਬਿਲਾਸ ਅਤੇ ਸਪਰਸ਼ ਕਰਨ ਨਾਲ ਹਿਰਦੇ ਵਿਚ ਜਿਸ ਅਨੰਦ ਦਾ ਅਨੁਭਵ ਹੁੰਦਾ ਹੈ, ਉਸ ਦਾ ਵਰਨਣ ਜ਼ਬਾਨ ਨਾਲ ਨਹੀਂ ਹੋ ਸਕਦਾ। ਉਹ ਤਾਂ ਗੂੰਗੇ ਦਾ ਗੁੜ ਹੈ -"ਪੂਛੇ ਤੇ ਕਿਆ ਕਹੀਐ" ਵਾਲੀ ਗਲ ਹੈ।

ਮੋਲਾਨ ਰੂਮ ਆਪਣੀ ਪਰਮ ਪ੍ਰਸਿੱਧ ਕਿਤਾਬ ਮਸਨਵੀ ਮੌਲਾਨਾ ਰੂਮ ਵਿਚ ਲਿਖਦੇ ਹਨ ਕਿ- ਹਰ "ਚਿ ਗੋਇਮ ਇਸ਼ਕ ਰਾ ਸ਼ਰ ਹੋ ਬਯਾਂ। ਚੂੰ ਬਇਸ਼ਕ ਆਯਮ, ਖ਼ਿਜਲ ਬਾਸ਼ਮ ਰਜ਼ਾਂ।" ਅਰਥਾਤ ਜੋ ਕੁਛ ਮੈਂ ਪ੍ਰੇਮ ਦਾ ਹਾਲ ਤੇ ਵਿਜਾਖਯਾ ਵਰਨਨ ਕਰਦਾ ਹਾਂ, ਮੈਨੂੰ ਉਸ ਵਿਚ ਸ਼ਰਮ ਆਉਂਦੀ ਹੈ। ਅਗੇ ਕਹਿੰਦੇ ਹਨ "ਗਰਚਿ ਤਫ਼ਸੀਰਿ ਜ਼ਬਾਂ ਰੋਸ਼ਨ ਗਰ ਅਸਤ। ਲੇਕ ਇਸ਼ਕਿ ਬੇਜ਼ਬਾਂ ਰੋਸ਼ਨ ਤਰ ਅਸਤ।" ਅਰਥਾਤ ਭਾਵੇਂ ਦਿਲ ਦੇ ਭੇਤਾਂ ਨੂੰ ਜ਼ੁਬਾਨ ਨਾਲ ਖੋਲ੍ਹ ਸਕੀਦਾ ਹੈ, ਪਰ ਪ੍ਰੇਮ ਇਕ ਅਜੇਹੀ ਸ਼ੈ ਹੈ, ਕਿ ਜਿਸਨੂੰ ਪ੍ਰਗਟ ਕਰਨ ਵਾਸਤੇ ਜ਼ਬਾਨ ਦੀ ਲੋੜ ਨਹੀਂ ਪੈਂਦੀ। ਇਸ ਥੀਂ ਅਗੇ ਦਸਦੇ ਹਾਂ ਕਿ- "ਚੂੰ ਕਲਮ ਅੰਦਰ ਨਵਿਸ਼ਤਨ ਮੇ ਸ਼ਿਤਾਜ਼ਤ ਚੂੰ ਬਇਸ਼ਕ ਆਮਦ ਕਲਮ ਬਰ ਖ਼ੁਦ ਸ਼ਿਗਾਫ਼ਤ।" ਅਰਥਾਤ ਕਲਮ ਭਾਵੇਂ ਲਿਖਣ ਵਿਚ ਕਾਹ੍ਲ ਕਰਦੀ ਹੈ, ਪਰ ਜਦੋਂ ਪ੍ਰੇਮ ਦੇ ਬਿਆਨ ਵਿਚ ਆਉਂਦੀ ਹੈ ਤਾਂ ਖ਼ੁਦ ਬਖ਼ੁਦ ਪਾਟ ਜਾਂਦੀ ਹੈ। ਇਸ ਸ਼ੇਅਰ ਤੋਂ ਮੌਲਾਨਾ ਸਾਹਿਬ ਦਾ ਇਹ ਭਾਵ ਜਾਪਦਾ ਹੈ ਕਿ ਕਲਮ ਕਾਗਜ਼ ਦੇ ਪੜ੍ਹੇ ਤੇ ਹਰ ਇਕ

ਗਲ ਤੇ ਹਰ ਇਕ ਹਾਲ ਨੂੰ ਲਿਖਣ ਲਈ ਦੌੜਦੀ ਹੈ, ਪਰ ਜਦੋਂ ਉਸ ਨਾਲ ਪ੍ਰੇਮ ਦੀ ਬਾਰਤਾ ਲਿਖਣੀ ਚਾਹੋ ਤਾਂ ਫੱਟ ਜਾਂਦੀ ਹੈ, ਸੋ ਪ੍ਰੇਮ ਦਾ ਵਰਨਨ ਐਸਾ ਅਗਾਧਿ ਹੈ ਕਿ ਲੇਖਕ ਤਾਂ ਰਿਹਾ ਵੱਖਰਾ, ਕਲਮ ਵੀ ਉਸਦੀ ਲਿਖਣ ਤੋਂ ਆਜਜ਼ ਹੈ। ਜਦੋਂ ਮੌਲਾਨ ਸਾਹਿਬ ਦਾ ਸੁਖਨ ਪ੍ਰੇਮ ਦੇ ਵਰਨ ਵਿਚੋਂ ਇਥੋਂ ਤੱਕ ਪਹੁੰਚਾ ਤਾਂ ਆਪ ਨੂੰ ਸੂਤਰ ਹੋ ਗਿਆ, ਤਨ ਦੀ ਹੋਸ਼ ਨਾ ਰਹੀ ਅਤੇ ਮਸਤਾਨੀ ਬਿਰਤੀ ਵਿਚ ਕਲਮ ਤੋੜ ਦਿੱਤੀ ਤੇ ਕਾਗਜ਼ ਪਾੜ ਦਿੱਤੇ ਲਿਖਦੇ ਹਨ। ਚੂੰ ਸੁਖਨਦਰ ਵਸਫ਼ ਈਂ ਹਾਲਿਤ ਰਸੀਦ ਹਮ ਕਲਮ ਬਸਿਕਸ਼ਤੋ ਹਮ ਕਾਗਜ਼ ਦਰੀਦ।" ਜਦ ਹੋਸ਼ ਵਿਚ ਆਏ ਤਾਂ ਕਹਿਣ ਲਗੇ -ਅਕਲ ਦਰ ਸ਼ਰ ਹਸ਼ ਚੂੰ ਖ਼ਰ ਦਰ ਗਿਲ ਬਖ਼ੁਫ਼ਤ। ਸ਼ਰ ਹੇ ਇਸ਼ਕੋ ਆਸ਼ਕੀ ਹਮ ਇਸ਼ਕ ਗੁਫ਼ਤ" ਅਰਥਾਤ ਪ੍ਰੇਮ ਦੀ ਵਿਆਖਿਆ ਕਰਨ ਵਿਚ ਅਕਲ ਏਡੀ ਆਜਜ਼ ਹੈ, ਜਿਤ੍ਹਾਂ ਚਿੱਕੜ ਵਿਚ ਫਸਿਆ ਹੋਯਾ ਖੋਤਾ ਹੱਥ ਪੈਰ ਤਾਂ ਬਥੇਰੇ ਮਾਰਦਾ ਹੈ, ਪਰ ਚਿੱਕੜ ਉਸ ਨੂੰ ਛਡਦਾ ਨਹੀਂ। ਇਸ ਤ੍ਹਾਂ ਅਕਲ ਵਿਚਾਰੀ ਪ੍ਰੇਮ ਦਾ ਵਖਯਾਂਨ ਹੀ ਕਰ ਸਕਦੀ ਹੈ। ਜਦੋਂ ਕਿ ਉਹ ਚਿੱਕੜ ਵਿਚ ਫਸੇ ਹੋਏ ਖੋਤੇ ਦੇ ਸਮਾਨ ਹੈ। ਤਾਂ ਤੋਂ ਮੌਲਾਨ ਰੂਮ ਦੇ ਕਥਨ ਅਨੁਸਾਰ ਬੁੱਧੀ ਪ੍ਰੇਮ ਦੇ ਮਾਮਲਿਆਂ ਵਿਚ ਨਿਰਬੁੱਧ ਹੋ ਜਾਨ ਦੇ ਕਾਰਨ ਉਸ ਦੇ ਵਿਕਾਸ਼ ਰੂਪ ਸੂਤਰ ਦਾ ਅਨੁਭਵ ਕਰਨ ਤੋਂ ਅਸਮ੍ਰਥ ਹੈ। ਅਸਲ ਵਿਚ ਤਾਂ ਗਲ ਇਹ ਹੈ ਕਿ ਜਦੋਂ ਬ੍ਰਹਮ ਅਨੁਭਵ ਦਾ ਵਿਸ਼ਯਾ ਹੈ ਤਿਵੇਂ ਪ੍ਰੇਮ ਤੇ ਉਸਦਾ ਵਿਕਾਸ਼ ਰੂਪ ਸੂਤਰ ਦਾ ਅਨੁਭਵ ਦਾ ਵਿਸ਼ਯ ਹੈ। ਏਸ ਲਈ ਇਸ ਦੇ ਅਸਲੀ ਰਹੱਸਯ ਨੂੰ ਤਾਂ "ਸੋ ਜਾਣੈ ਬਿਨ ਚਾਖਿਆ" ਦੇ ਅਨੁਸਾਰ ਕਈ ਮਸਤਾਨਾਂ ਹੀ ਅਨੁਭਵ ਕਰ ਸਕਦਾ ਹੈ, ਪਰ ਹਾਂ ਮਹਾਂਪੁਰਸ਼ਾ ਨੇ ਜੋ ਇਸਦੇ ਵਰਨਨ ਵਿਚ ਪ੍ਰਤੱਖ ਹਾਲਿਤਾਂ ਦੀ ਬਾਬਤ ਜ਼ਿਕਰ ਕੀਤਾ ਹੈ। ਕਿਤੇ ਕਿਤੇ ਉਸ ਰਸ ਦੇ ਇਸ਼ਾਰੇ ਕੀਤੇ ਹਨ, ਜੋ ਮਸਤਾਨੇ ਦਾ ਹਿਰਦਾ ਅਨੁਭਵ ਕਰਦਾ ਹੈ। ਨਮੂਨੇ ਮਾਤ੍ਰ ਪਾਠਕਾਂ ਦੀ ਭੇਟਾ ਕਰਨ ਦੀ ਚੇਸ਼ਟਾ ਕੀਤੀ ਜਾਂਦੀ ਹੈ।

ਪੁਸਤਕਾਂ ਨੂੰ ਪੜ੍ਹਨ ਤੋਂ ਅਤੇ ਪ੍ਰਤੱਖ ਵੇਖਣ ਨਾਲ ਵੀ ਏਸ ਗਲ ਦਾ ਪਤਾ ਲਗਦਾ ਹੈ ਕਿ ਸੂਤਰ ਕੇਵਲ ਨਾਮਧਾਰੀਆਂ ਨੂੰ ਹੀ ਨਹੀਂ ਹੁੰਦਾ, ਬਲਕਿ ਇਸਦਾ ਘਟਿ ਯਾ ਵਧ ਅਸਰ ਹਰ ਓਸ ਪੰਥ ਵਿਚ ਮੌਜੂਦ ਹੈ ਜੋ ਭਗਤੀ ਪ੍ਰਧਾਨ ਹੁੰਦਾ ਹੋਇਆ, ਪ੍ਰੇਮ ਦੀ ਸਤਾ ਦਾ ਕਾਇਲ ਹੈ। ਮੈਂ ਤਾਂ ਇਥੋਂ ਤੱਕ ਕਹਾਂਗਾ ਕਿ ਪ੍ਰਮੇਸ਼ਰ ਵਿਸ਼ਯਕ ਪ੍ਰੇਮ ਨੂੰ ਛੱਡਕੇ ਜੇਹੜੇ ਲੋਕ ਪ੍ਰਾਕ੍ਰਿਤਕ ਪਦਾਰਥਾਂ ਦੇ ਝੂਠੇ ਅਤੇ ਦੁਖ ਦਾ ਇਸ ਰਸਾਂ ਦੇ ਰਸਕ ਹਨ ਇਨ੍ਹਾਂ ਨੂੰ ਵੀ ਸੂਤਰ ਹੁੰਦਾ ਰਹਿੰਦਾ ਹੈ ਅਤੇ ਓਨਾਂ ਦਾ ਖੁਸ਼ੀ ਗਮੀਂ ਯਾ ਕਾਮ, ਕ੍ਰੋਧ, ਲੋਭ ਆਦਿਕ ਵਿਸ਼ਿਆ ਦੇ ਅਸਰ ਹੇਠ ਆ ਕੇ ਹਸਣਾ, ਖੇਡਣਾ, ਨਚਣਾ, ਕੁਦਣਾਂ, ਰੋਣਾ, ਪਿਟਣਾ, ਬੇਹੋਸ਼ ਹੋ ਜਾਣਾ, ਚੁਪ ਕਰ ਰਹਿਣਾ, ਬਿਉਰਿਆਂ ਹੋ ਜਾਣਾ ਆਦਿ ਸਭ ਸੂਤਰ ਹੀ ਹੈ, ਪ੍ਰਤੂੰ ਇਹ ਸ਼ੋਭਨੀਕ ਅਤੇ ਕਲਿਆਣ ਕਾਰੀ ਨਹੀਂ ਹੈ। ਪਰ ਵੇਖਣਾ ਤਾਂ ਏਸ ਗਲ ਨੂੰ ਹੈ ਕਿ ਜਦ ਝੂਠੇ, ਫੋਕੇ, ਅਤੇ ਪ੍ਰਕ੍ਰਿਤੀ ਜਨਯਾ ਰਸਾਂ ਦਾ ਅਸਰ ਮਨੁਖਾਂ ਨੂੰ ਹੀ ਹੈ, ਬਲਕਿ ਪਸ਼ੂ ਪੰਛੀਆਂ ਤੱਕ ਨੂੰ ਮਸਤਾਨਿਆਂ ਕਰ ਦੇਂਦਾ ਹੈ ਤਾਂ ਉਹ ਸੱਚਾ ਅਤੇ ਕਲਿਆਣਕਾਰੀ ਰਸ, ਜਿਸ ਦਾ ਕਿ ਵਿਸ਼ਯ ਰਸ ਕੇਵਲ ਛਾਇਆ ਮਾਤ੍ਰ ਹੈ, ਜਿਨ੍ਹਾਂ ਮਹਾਤਮਾਂ ਨੂੰ ਪ੍ਰਾਪਤ ਹੋ ਜਾਵੇ, ਉਹ ਕਿਸ ਤ੍ਹਾਂ ਨਾ ਖੀਵੇ ਹੋ ਜਾਣ। ਕਈ ਵਾਰ ਮੈਂ ਲੋਕਾਂ ਨੂੰ ਆਖਦਿਆਂ ਸੁਣਿਆਂ ਹੈ ਕਿ ਵੇਖੋ ਜੀ, ਨਾਮਧਾਰੀ ਦੀਵਾਨਾਂ ਵਿਚ ਨੱਚਦੇ ਹਨ, ਭੁੜਕਦੇ ਹਨ ਤੇ ਸ਼ੁਦਾਈਆਂ ਵਾਲੀਆਂ ਹਰਕਤਾਂ ਕਰਦੇ ਹਨ, ਤੇ ਏਨ੍ਹਾਂ ਨੂੰ ਲਜਾ ਨਹੀਂ ਆਉਂਦੀ ਹੈ। ਪਰ ਮੈ ਕਹਿੰਦਾ ਹਾਂ ਕਿ ਸੰਸਾਰੀ ਪੁੱਤਰ ਜਦੋਂ ਕਾਮ ਚੇਸ਼ਟਾਂ ਅਯੋਗ ਹਰਕਤਾਂ ਕਰਦੇ ਹਨ ਤੇ ਲਜਾ ਦੀ ਕੋਈ ਪ੍ਰਵਾਹ ਨਹੀਂ ਕਰਦੇ, ਕਰੋਧ ਦੇ ਅਸਰ ਹੇਠ ਆ ਕੇ ਗੁਰੂ ਅਰਜਨ ਦੇਵ ਜੀ ਦੇ ਵਾਕ ਅਨੁਸਾਰ ਨਿਲੱਜ ਹੋ ਕੇ ਨਚਦੇ ਹਨ:-"ਨ੍ਰਿਤਯੰ ਕਰੰਤਿ ਜਥਾ ਮਰਕਟਹ"। ਲੋਭ ਦੇ ਪ੍ਰਭਾਵ ਹੇਠ ਆ ਕੇ "ਨਾਚਿਓ ਘਰਿ ਘਰਿ ਬਾਰ" ਗੁਰਵਾਕ ਅਨੁਸਾਰ ਲੱਜਿਆ ਦਾ ਜ਼ਰਾ ਵੀ ਅਨੁਭਵ ਨਹੀਂ ਕਰਦੇ ਅਤੇ ਮੋਹ ਦੇ ਅਧੀਨ ਹੋ ਕੇ ਪ੍ਰਮੇਸ੍ਵਰ ਅਤੇ ਸ਼ਾਸਤ੍ਰ ਦੀ ਉੱਕੀਹੀ ਕਾਣ ਨਹੀਂ ਰੱਖਦੇ ਤਾਂ ਮਹਾਤਮਾ ਲੋਕ ਪ੍ਰਮੇਸ਼ਰ ਦੇ ਪ੍ਰੇਮ ਵਿਚ ਮਸਤਾਨੇ ਹੋਏ ਭਲਾ ਲੱਜਾ ਦੇ ਨਾਲ ਕਿਉਂ ਪ੍ਰੀਤੀ ਕਰਨ ? ਅਸਚਰਜ ਦੀ ਗਲ ਹੈ। ਕਿ ਵਿਸ਼ਯ ਜਨ ਮਸਤੀ, ਜੋ ਕਿ ਨਰਕਾਂ ਵਿਚ ਪੁਚਾਣ ਵਾਲੀ ਹੈ। ਉਸ ਤੋਂ ਤਾਂ ਸੰਸਾਰ ਨੂੰ ਲਾਜ ਨਹੀਂ ਆਉਂਦੀ। ਪਰ ਰੱਬੀ ਪ੍ਰੇਮ ਦੇ ਵਿਕਾਸ ਰੂਪ ਮਸਤੀ ਨੂੰ ਜੋ ਕਿ ਕਲਿਆਨਕਾਰੀ ਹੈ ਵੇਖ ਵੇਖ ਕੇ ਟਿਚਕਰਾਂ ਕਰਦਾ ਹੈ ਤੇ ਗਿਲਾਨੀ ਕਰਦਾ ਹੈ। ਪਰ ਜੋ ਕਿਸੇ ਦੀ ਇੱਛਾ ਹੋਵੇ, ਕਹੇ- ਮਸਤਾਨਾਂ ਆਪਣੇ ਰੰਗ ਵਿਚ ਰਹਿੰਦਾ ਹੈ। ਮਸਨਵੀ ਮੌਲਾਨ ਰੂਮ ਦੀ ਇਕ ਤਫਸੀਰ ਵਿਚ ਇਸ ਵਿਸ਼ਯ ਸੰਬਧੀ ਲਿਖਿਆ ਹੈ ਕਿ ਜੋ ਪੁਰਸ਼ ਸੂਫੀਆਂ ਦੇ ਕੀਰਤਨ ਵਜਦ, ਯਾ ਹਾਲ ਤੋਂ ਇੰਨਕਾਰ ਕਰਦਾ ਹੈ, ਉਹ ਵਿਚਾਰਾ

ਮਜਬੂਰ ਹੈ, ਕਿਉਂਕਿ ਜੋ ਚੀਜ਼ ਖ਼ੁਦ ਉਸ ਨੂੰ ਹਾਸਿਲ ਨਹੀਂ, ਉਸ ਤੇ ਈਮਾਨ ਲਿਔਣਾ ਸਖਤ ਮੁਸ਼ਕਲ ਹੈ। ਜੈਸੇ ਹਰਿਆਵਲ ਅਤੇ ਵਗਦਾ ਹੋਇਆ ਜਲ ਅੱਖਾਂ ਵਾਲੇ ਦੀ ਰੂਹ ਨੂੰ ਸਰੂਰ ਤੇ ਤਾਜ਼ਗੀ ਬਖਸ਼ਦਾ ਹੈ, ਪ੍ਰਤੂੰ ਜੇ ਸੂਰਮਾ (ਨੇਤਰਹੀਨ) ਉਸ ਤੋਂ ਇਨ ਕਾਰ ਕਰੇ ਤਾਂ ਅਸਚਰਜ ਨਹੀਂ, ਉਹ ਦ੍ਰਿਸ਼ਯ ਯਾ ਨਜ਼ਾਰੇ ਤੱਕਣ ਵਾਲੀ ਬਖਸ਼ਸ਼ ਤੋਂ ਵਾਂਜਿਆ ਹੋਇਆ ਹੈ। ਏਸੇ ਤਰ੍ਹਾਂ ਰਾਜ ਦੇ ਰਸ ਤੇ ਉਸ ਦੀ ਮੌਜ ਨੂੰ ਇਕ ਅਵਾਣਾ ਬਚਾ ਨਾਂ ਸਮਝ ਸਕੇ ਤਾਂ ਅਸਚਰਜ ਨਹੀਂ। ਕਿਉਂਕਿ ਉਹ ਸਾਰੇ ਜਗਤ ਨੂੰ ਖੇਡਣ ਵਾਲਾ ਛਣਕਣਾ ਹੀ ਸਮਝਦਾ ਹੈ। ਮਨੁਖ ਸਿਆਣਾ ਹੋਵੇ ਯਾ ਇਵਾਣਾ, ਉਹ ਸੂਫੀਆਂ ਦੇ ਸੂਤਰ ਤੋਂ ਇਨਕਾਰ ਕਰਨ ਵਿਚ ਬੱਚਿਆਂ ਦੇ ਸਮਾਨ ਹੈ ਕਿ ਜਿਸ ਚੀਜ਼ ਦੇ ਦਰਜੇ ਨੂੰ ਨਹੀਂ ਪਛਾਣਦਾ ਉਸ ਤੋਂ ਇਨਕਾਰ ਕਰਦਾ ਹੈ। ਜੋ ਗਲ ਕਿਸੇ ਪੁਰਸ਼ ਨੂੰ ਆਪ ਨੂੰ ਮਾਲੂਮ ਨਾ ਹੋਵੇ ਹੋਰਨਾਂ ਦੇ ਹੱਕ ਵਿਚ ਉਸ ਨੂੰ ਮੁਸ਼ਕਿਲ ਜਾਨਣਾ ਸਖਤ ਨਾ ਮੁਨਾਸਬ ਹੈ।"ਹੁਨ ਹਿੰਦੀ ਮੁਸਲਿਮ, ਅਤੇ ਸਿੱਖ ਸਾਹਿਤ ਅਨੁਸਾਰ 'ਸੂਤਰ' ਦੇ ਸਿਧਾਤ ਤੇ ਕੁਛ ਪ੍ਰਕਾਸ਼ ਪਾਇਆ ਜਾਂਦਾ ਹੈ।

## ਹਿੰਦੀ ਤੇ ਸੰਸਕ੍ਰਿਤ ਸਾਹਿਤ ਵਿਚ ਸੂਤਰ

(੧) ਹਿੰਦੀ ਤੇ ਸੰਸਕ੍ਰਿਤ ਸਾਹਿਤ ਵਿਚ ਨਾਰਦ ਮੁਨੀ ਇਕ ਜਗਤ ਵਖਯਾਤ ਵਯਕਤੀ ਦੀ ਹੈਸਯਤ ਰਖਦੇ ਹਨ। ਧ੍ਰੂ ਅਤੇ ਪ੍ਰਹਿਲਾਦ ਆਦਿਕ ਭਗਤਾਂ ਦੇ ਇਹ ਗੁਰੂ ਸਨ ਅਤੇ ਏਨ੍ਹਾਂ ਦਾ ਨਾਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਵਿਚ ਸਤਿਕਾਰਿਆ ਹੈ। ਆਪ ਬੜੇ ਪੰਡਿਤ ਬੇਦ ਬੇਤਾ ਅਤੇ ਸ਼ਾਸਤ੍ਰੱਗ ਮੰਨ ਗਏ ਹਨ। ਈਸ਼੍ਵਰੀ ਪ੍ਰੇਮ ਦਾ ਤਾਂ ਆਪ ਸਾਖਯਾਤ ਅਵਤਾਰ ਹੀ ਸਨ। ਆਪਨੇ ਭਗਤੀ ਦੇ ਨਿਬੰਧ ਤੇ ੮੪ ਸੂਤਰ ਲਿਖੇ ਹਨ ਜਿਨ੍ਹਾਂ ਵਿਚ ਆਪ ਨੇ ਭਗਤੀ ਦੇ ਸਾਰੇ ਅੰਗਾਂ ਤੇ ਪ੍ਰਕਾਸ਼ ਪਾਇਆ ਹੈ।

ਛੇਵੇਂ ਸੂਤਰ ਵਿਚ ਆਪ ਮਸਤੀ ਯਾ ਸੂਤਰ ਨੂੰ ਭਗਤੀ ਅਥਵਾ ਈਸ਼੍ਵਰੀ ਸਬੰਧੀ ਪ੍ਰੇਮ ਦਾ ਵਿਕਾਸ ਮੰਨਦੇ ਹੋਏ ਲਿਖਦੇ ਹਨ -"ਯਜ ਗਯਾਤਵਾ ਮੱਤੋ ਭਵਤਿ, ਸਤਬਧੋ ਭਵਤਿ, ਆਤਮ ਰਾਮੋ ਭਵਤਿ"। ਅਰਥਾਤ ਜਿਸ (ਪਰਮ ਪ੍ਰੇਮ ਰੂਪਾ ਭਗਤੀ) ਨੂੰ ਪ੍ਰਾਪਤ ਕਰਕੇ ਪੁਰਸ਼ ਉਨਮਤ (ਮਸਤਾਨਾ) ਹੋ ਜਾਂਦਾ ਹੈ, ਸ਼ਾਂਤ ਹੋ ਜਾਦਾ ਹੈ ਤੇ ਆਤਮਾ ਰਾਮ ਬਣ ਜਾਂਦਾ ਹੈ। ਇਸ ਦੀ ਵਯਾਖਯਾ ਵਿਚ ਲਿਖਿਆ ਹੈ ਕਿ "ਭਗਵਾਨ ਦਾ ਪ੍ਰੇਮ ਪ੍ਰਗਟ ਹੁੰਦਿਆਂ ਹੀ ਮਨੁਖ ਨੂੰ ਪਾਗਲ ਕਰ ਦੇਂਦਾ ਹੈ, ਏਸ ਲਈ ਪ੍ਰੇਮੀ ਭਗਤ ਸਦਾ ਹੀ ਪ੍ਰੇਮ ਦੇ ਨਸ਼ੇ ਵਿਚ ਚੂਰ ਰਹਿੰਦਾ ਹੋਇਆ ਹੈ, ਦਿਨ ਰਾਤ ਪ੍ਰਭੂ ਦੇ ਹੀ ਗੁਣ ਗਾਉਂਦਾ ਸੁਣਦਾ ਅਤੇ ਚਿੰਤਨ ਕਰਦਾ ਰਹਿੰਦਾ ਹੈ। ਬਾਹਰ ਦੀਆਂ ਦੂਜੀਆਂ ਗਲਾਂ ਦੀ ਉਸ ਨੂੰ ਹੋਸ਼ ਹੀ ਨਹੀਂ ਰਹਿੰਦੀ, ਜਿਸ ਤ੍ਰਾਂ ਪਾਗਲ ਮਨ ਭਾਉਂਦਾ ਬੋਲਦਾ ਅਤੇ ਕਰਦਾ ਹੈ, ਏਸੇ ਤਰਾਂ ਉਹ ਪ੍ਰੇਮ ਉਨਮੱਤ ਭੀ ਪ੍ਰਮੇਸ਼ਰ ਦੀ ਚਰਚਾ ਵਿਚ ਹੀ ਮਸਤ ਰਹਿੰਦਾ ਹੈ, ਕਿਉਂਕਿ ਉਸ ਦੇ ਮਨ ਨੂੰ ਏਹ ਚੰਗਾ ਲਗਦਾ ਹੈ"। (ਪ੍ਰੇਮ ਦਰਸ਼ਨ ਪੰਨਾ ੧੦)

(੨) ਵੇਦ ਵਿਆਸ ਜੀ ਹਿੰਦੂ ਸਾਹਿੱਤ ਦੇ ਸ੍ਰੋਮਣੀ ਰਤਨਾ ਵਿਚੋਂ ਇਕ ਹਨ। ਆਪ ਨੂੰ ਰਿਸ਼ੀਆਂ ਮੁਨੀਆਂ ਦੇ ਦਿੱਵਯ ਦ੍ਰਿਸ਼ਟੀ ਸੰਪੰਨ ਮੰਨਿਆ ਹੈ। ਆਪ ਨੇ ਵੇਦਾਂ ਦੇ ਚਾਰ ਹਿੱਸੇ ਕੀਤੇ ਹਨ। ਮਹਾਭਾਰਤ ਦੇ ਕਰਤਾ ਵੀ ਆਪ ਹੀ ਹਨ। ਪੁਰਾਣਾਂ ਦਾ ਨਿਰਮਾਣ ਵੀ ਏਨ੍ਹਾਂ ਨੇ ਹੀ ਕੀਤਾ ਹੈ। ਲੋਕ ਕਲਿਆਣ ਅਰਥ ਜਦ ਏਨਾਂ ਪ੍ਰੀਸ਼ਰਮ ਕਰਨ ਨਾਲ ਵੀ ਆਪ ਨੂੰ ਸ਼ਾਂਤੀ ਨਾ ਆਈ ਤਾਂ ਇਕ ਦਿਨ ਆਪ ਸੁਰਸਤੀ ਨਦੀ ਦੇ ਕੰਡੇ ਬੈਠਕੇ ਏਹ ਸੋਚਣ ਲਗੇ ਕਿ-"ਮੈਂ ਸਭ ਕੁਛ ਕੀਤਾ ਹੈ, ਫੇਰ ਵੀ ਮੈਂ ਆਪਨੇ ਅੰਦਰ ਕੁਛ ਅਭਾਵ ਜਿਹਾ ਅਨੁਭਵ ਕਿਉਂ ਹੋ ਰਿਹਾ ਹੈ? ਕੀ ਮੈਂ ਭਗਵਤ ਧਰਮਾਂ ਦਾ ਵਿਸਥਾਰ ਨਾਲ ਵਰਨਨ ਨਹੀਂ ਕੀਤਾ ? ਕਿਉਂਕਿ ਭਗਵਤ ਧਰਮ ਹੀ ਪ੍ਰਮੇਸ਼ਵਰ ਅਤੇ ਪਰਮ ਹੰਸ ਭਗਤਾਂ ਨੂੰ ਪਿਆਰੇ ਹਨ।" ਉਹ ਸੋਚ ਰਹੇ ਸਨ ਕਿ ਹਰੀ ਗੁਣ ਗਾਉਂਦੇ ਹੋਏ ਸ੍ਰੀ ਨਾਰਦ ਮੁਨੀ ਓਥੇ ਆ ਗਏ। ਆਗਤ ਭਾਗਤ ਅਤੇ ਸੁਖ ਅਨੰਦ ਪੁਛਣ ਤੋਂ ਪਿਛੋਂ ਬਿਆਸ ਜੀ ਨੇ ਆਪਣੀ ਸੋਚ ਤੇ ਚਿੰਤਾ ਨਾਰਦ ਜੀ ਦੇ ਪਾਸ ਪ੍ਰਗਟ ਕੀਤੀ। ਜਿਸ ਨੂੰ ਸੁਣ ਕੇ ਨਾਰਦ ਜੀ ਨੇ ਉੱਤਰ ਦਿੱਤਾ ਕਿ ਆਪ ਨੇ ਆਪਣੇ ਗ੍ਰੰਥਾਂ ਵਿਚ ਜਿਸ ਤਰ੍ਹਾਂ ਹੋਰ ਹੋਰ ਧਰਮਾਂ ਦਾ ਵਰਨਨ ਕੀਤਾ ਹੈ, ਏਸ ਵਾਸਤੇ ਹੀ ਆਪ ਦੇ ਮਨ ਵਿਚ ਉਦਾਸੀ ਛਾਈ ਹੋਈ ਹੈ। ਨਾਰਦ ਮੁਨੀ ਦੇ ਇਸ ਉਪਦੇਸ਼ ਨਾਲ ਪ੍ਰਭਾਵਿਤ ਹੋ ਕੇ ਬਿਆਸ ਜੀ ਨੇ ਸ੍ਰੀ ਭਗਵਤ ਪੁਰਾਣ ਦੀ ਰਚਨਾ ਰਚੀ। ਜਿਸ ਵਿਚ ਮਹਾਰਾਜ ਜੀ ਦੇ ਦਿਵੱਯਾ ਜਨਮਾਂ ਅਤੇ ਅਲੌਕਿਕ ਕਰਮਾਂ ਦੀਆਂ ਲੀਲ੍ਹਾਂ ਦਾ ਵਿਸ਼ਥਾਰ ਨਾਲ ਵਰਨਨ ਕੀਤਾ ਹੈ ਅਤੇ ਫੇਰ

ਕਿਤੇ ਆਪ ਨੂੰ ਸ਼ਾਂਤੀ ਪ੍ਰਾਪਤ ਹੋਈ। ਆਪ ਇਸ ਭਗਵਤ ਪੁਰਾਣ ਦੇ ਯਾਰਵੇਂ ਸਕੰਧ ਦੂਜੇ ਅਧਯਾਇ ਦੇ ੩੯ ਤੋਂ ੪੦ ਸਲੋਕ ਵਿਚ ਸੂਤਰ ਦੀ ਬਾਬਤ ਏਸ ਤ੍ਰਾਂ ਲਿਖਦੇ ਹਨ:-

"ਸ਼੍ਰਣਵਨ ਸੁਭਦ੍ਰਾਣਿ ਰਥਾਂਗ ਪਾਣੇਰ ਜਨਮਾਨਿ ਕਰਮਾਣਿ ਚ ਯਾਨੀ ਲੋਕੇ। ਗੀਤਾਨਿ ਨਾਮਾਨਿ ਤਦਰ ਥਕਾਨਿ ਗਾਯਨ ਵਿਲੱਜੋ ਵਿਚ ਰੇਦ ਸੰਗ:। ਏਵੰ ਵ੍ਰਤ: ਸ੍ਵਪ੍ਰਿਯ ਨਾਮ ਕੀਰਤਯਾ ਜਾਤਾਨੁ ਰਾਗੋ ਦ੍ਰੁਤ ਚਿੱਤ ਉੱਚਚੈ:। ਸਤਜੱਥੇ ਰੋਦਿਤਿ, ਰੌਤਿ ਗਾਯਤੁਨਮਾਦ ਵਨ ਨ੍ਰਤਜਤਿ ਲੋਕ ਵਾਹਜ:।

ਅਰਥਾਤ –'ਭਗਤ ਚੱਕ੍ਰਧਾਰੀ ਭਗਵਾਨ ਦੇ ਕਲਿਆਨ ਕਾਰੀ ਅਤੇ ਲੋਕ ਪ੍ਰਸਿੱਧ ਜਨਮਾਂ ਤੇ ਕਰਮਾਂ ਨੂੰ ਸੁਣਦਾ ਹੋਇਆ, ਓਨ੍ਹਾਂ ਦੇ ਅਨੁਸਾਰ ਰਖੇ ਗਏ ਨਾਮਾਂ ਨੂੰ ਲਜਿਆ ਛੱਡ ਕੇ ਗਾਉਂਦਾ ਹੋਇਆ ਸ੍ਵਤੰਤਰਤਾ ਪੂਰਵਕ ਵਿਚਰਦਾ ਹੈ, ਏਸ ਤ੍ਰਾਂ ਬ੍ਰਤ ਧਾਰਣ ਕਰਕੇ ਉਹ ਅਪਨੇ ਪ੍ਰੀਤਮ ਪ੍ਰਭੂ ਦੇ ਨਾਮ ਤੇ ਕੀਰਤਨ ਵਿਚ ਪ੍ਰੇਮ ਹੋ ਜਾਣ ਦੇ ਕਾਰਨ ਕੋਮਲ ਚਿਤ ਹੋਇਆ ਪਾਗਲ ਵਾਂਗ ਕਦੇ ਅਲੌਕਿਕ ਭਾਵ ਨਾਲ ਖਿੜ ਖਿੜ ਕੇ ਹਸਦਾ ਹੈ, ਕਦੇ ਰੋਂਦਾ ਹੈ, ਕਦੇ ਚਾਂਗਰਾਂ ਮਾਰਦਾ ਹੈ, ਕਦੇ ਉੱਚੇ ਸੁਰ ਨਾਲ ਗੌਣ ਲਗ ਪੈਂਦਾ ਹੈ ਤੇ ਕਦੇ ਨੱਚਣ ਲਗ ਪੈਂਦਾ ਹੈ।

(੩) ਊਧਵ ਜੀ ਬ੍ਰਿਜ ਤੋਂ ਮਥੁਰਾ ਪਹੁੰਚ ਕੇ ਰਾਧਕਾਂ ਜੀ ਦੇ ਸੂਤਰ ਦਾ ਇਸ ਪ੍ਰਕਾਰ ਵਰਨਨ ਕਰਦੇ ਹਨ :- "ਭ੍ਰਮਤਿ ਭਵਨ ਗਰਭੇ ਨਿਰਨਿਮਿਤੰ ਹਸੰਤਿ, ਪ੍ਰਥਯਤਿ ਤਵ ਵਾਰਤਾਂ ਚੇਤਨਾ ਚੇਤਨੇਸ਼ੂ। ਲੁਠਤਿ ਚ ਭਵਿ ਰਾਧਾ ਕੰਪ ਤਾਂਗਿ ਮੁਰਾਰੇ, ਵਿਸ਼ਮ ਵਿਸ਼ਯ ਖੇਦੋ ਦੂਰਗਾ ਰਿਵਿ ਭ੍ਰਾਂਤ ਚਿਤਾ:" (ਭਾ: ਪੁ: ਸ:੧੧)

ਅਰਥਾਤ ਹੇ ਮਹਾਰਾਜ ! ਸ੍ਰੀ ਰਾਧਕਾ ਜੀ ਦੀ ਦਸ਼ਾ ਕੀ ਪੁਛਦੇ ਹੋ, ਉਸ ਦੀ ਤਾਂ ਦਸ਼ਾ ਹੀ ਬਿਚਿਤ੍ਰ ਹੈ, ਘਰ ਦੇ ਵਿਹੜੇ ਵਿੱਚ ਭੌਂਦੀ ਰਹਿੰਦੀ ਹੈ, ਬਿਨ ਕਿਸੇ ਗਲ ਦੇ ਖਿੜ ਖਿੜ ਹਸਣ ਲੱਗ ਪੈਂਦੀ ਹੈ, ਚੇਤਨ ਅਵਸਥਾ ਵਿਚ ਆਪਦੀ ਗੱਲ ਹੀ ਮੂੰਹੋਂ ਕੱਢਦੀ ਹੈ, ਕਦੀ ਧੂੜ ਵਿਚ ਲੇਟਣ ਲਗ ਪੈਂਦੀ ਹੈ, ਕਦੇ ਥਰ ਥਰ ਕੰਬਣ ਲਗ ਜਾਂਦੀ ਹੈ। ਹੇ ਮੁਰਾਰੀ ਮੈਂ ਕੀ ਦਸਾਂ, ਉਹ ਚੰਦ੍ਰ ਮੁਖੀ ਰਾਧੇ ਆਪ ਦੇ ਬਿਖਮ ਬਿਰਹ ਖੇਦ ਦੁਆਰਾ ਵਿਭ੍ਰਾਂਤ ਹੋਈ ਹੋਈ ਵਿਚਿੱਤ੍ਰ ਪ੍ਰਕਾਰ ਦੀਆਂ ਚੇਸ਼ਟਾਂ ਕਰਦੀ ਹੈ।

(੪) ਸ਼੍ਰੀ ਰਾਮ ਚੰਦ੍ਰ ਜੀ ਮਹਾਰਾਜ ਸੀਤਾ ਲਛਮਣ ਸਹਿਤ ਬਨਵਾਸ ਦਾ ਜੀਵਨ ਬਤੀਤ ਕਰ ਰਹੇ ਹਨ। ਸੂਤੀਖਸ਼ਣ ਮੁਨੀ ਸ੍ਰੀ ਅਗਸਤ ਜੀ ਦੇ ਸਿੱਖ ਨੂੰ ਪਤਾ ਲਗਦਾ ਹੈ ਕਿ ਅੱਜ ਆਪ ਨੇ ਮੇਰੇ ਆਸ਼੍ਰਮ ਨੂੰ ਭਾਗ ਲਾਣੇ ਹਨ। ਆਪ ਦਾ ਚਿੰਤਨ ਕਰਦਾ ਹੈ ਓਧਰ ਨੂੰ ਟੁਰ ਪੈਂਦਾ ਹੈ ਜਿੱਧਰ ਆਪ ਜੀ ਦਸ ਪਾਈ ਸੀ। ਕੀ ਮਹਾਰਾਜ ਮੇਰੇ ਜੈਸੇ ਅਧਰਮ ਜੀਵ ਨੂੰ ਦਰਸ਼ਨ ਦੇ ਕੇ ਨਿਹਾਲ ਕਰਨਗੇ। ਏਸੇ ਕਿਸਮ ਦੇ ਲਈ ਪ੍ਰਸ਼ਨ ਓਹ ਪ੍ਰੇਮ ਦੇ ਨਸ਼ੇ ਵਿਚ ਚੂਰ ਹੋਯਾ ਹੋਯਾ ਜਿੱਧਰ ਨੂੰ ਦਿਲ ਚਾਹੁੰਦਾ ਹੈ ਟੁਰ ਪੈਂਦਾ ਹੈ। ਕਦੇ ਰਾਹੇ ਰਾਹੇ, ਕਦੇ ਕੁਰਾਹੇ, ਕਦੇ ਖਲੋ ਜਾਂਦਾ ਹੈ, ਕਦੇ ਨੱਚਣ ਲਗ ਪੈਂਦਾ ਹੈ ਤੇ ਕਦੇ ਪਿਛਾਂ ਨੂੰ ਪਰਤ ਪੈਂਦਾ ਹੈ। ਤੁਲਸੀ ਰਾਮਾਇਣ ਵਿਚ ਲਿਖਿਆ ਕਿ ਮਹਾਰਾਜ ਜੀ ਨੂੰ ਆਪਣੇ ਪ੍ਰੇਮੀ ਦੀ ਐਸੀ ਦਸ਼ਾ ਵੇਖਣ ਨਾਲ ਸਦਾ ਅਨੰਦ ਔਂਦਾ ਹੈ, ਏਸ ਲਈ ਸ੍ਰੀ ਰਾਮ ਚੰਦ੍ਰ ਜੀ ਥੋੜੇ ਚਿਰ ਤੱਕ ਇਕ ਬਿਰਛ ਦੇ ਓਹਲੇ ਹੋ ਕੇ ਆਪਣੇ ਪ੍ਰੇਮੀ ਦਾ ਸੂਤਰ ਵੇਖਦੇ ਰਹੇ।:-

ਦਿਸਿ ਅਰ ਬਿਦਿਸਿ ਪੰਥ ਨਹੀ ਸੂਝਾ॥
ਕੋ ਮੈਂ ? ਚਾਲਿਓ ਕਹਾਂ ? ਨਹੀਂ ਬੂਝਾ॥
ਕਬਹੁੰਕ ਫਿਰ ਪਾਛੇ ਪੁਨ ਜਾਈ॥
ਕਬਹੁੰਕ ਨਿਰਤ ਕਰੇ ਗੁਨ ਗਾਈ॥
ਅਬਿਰਲ ਪ੍ਰੇਮ ਭਗਤੀ ਮੁਨਿ ਪਾਈ॥
ਪ੍ਰਭੁ ਦੇਖਹਿੰ ਤਰ ਓਟ ਲੁਕਾਈ॥
(ਤੁਲਸੀ ਰਾਮਾਇਸ)

(੫) ਪ੍ਰੀਤਮ ਪਿਆਰੇ ਦੇ ਪ੍ਰੇਮ ਵਿਚ ਮ ਵਾਲਾ ਭਗਤ, ਹੋਰ ਕਿਸੇ ਨੂੰ ਨਹੀਂ ਹੀ ਜਾਣਦਾ। ਉਸ ਦੇ ਨੇਤ੍ਰਾਂ ਦੇ ਸਾਹਮਣੇ ਸਦਾ ਭਗਵਾਨ ਦਾ ਹੀ ਦਰਸ਼ਨ ਵਿਸ਼ਮਾਦ ਰਹਿੰਦਾ ਹੈ। ਦੂਜੀ ਵਸਤੂ ਵਿਚ ਉਸਦਾ ਮਨ ਲਗਦਾ ਕਿੱਥੇ ਹੈ ? ਗੋਪੀਆਂ ਭਗਵਾਨ ਨੂੰ ਕਹਿੰਦੀਆਂ ਹਨ– "ਚਿੱਤੰ ਸੁਖੇਨ, ਭਵਤਾਵ ਹਤੰ ਗ੍ਰਹੇਸ਼ੂ ਯਨਨਿਰ

ਵਿਸ਼ਤਯੁਤ ਕਰਾਵਿਪ ਗ੍ਰਹਯ ਕ੍ਰਤਯੇ। ਪਾਦੋ ਪਦੰ ਨ ਚਲ ਤਸਤਵ ਪਾਦ ਮੂਲਾਦ, ਯਾਮ: ਕਥੰ ਵ੍ਰਜਮਥੋ ਕਰਵਾਮ ਕਿੰਵਾ॥ (ਸ੍ਰੀ ਮਦ ਭਾਗ ਵਤ ਪੁ: ੧੦-੨੯-੩੪)

ਅਰਥਾਤ ਹੇ ਪ੍ਰੀਤਮ ! ਸਾਡਾ ਚਿਤ ਅਨੰਦ ਪੂਰਵਕ ਘਰ ਦੇ ਕੰਮਾਂ ਵਿਚ ਰੁਝਾ ਹੋਇਆ ਸੀ, ਉਸ ਨੂੰ ਤੁਸਾਂ ਚੁਰਾ ਲਿਆ ਹੈ। ਸਾਡੇ ਹੱਥ ਘਰ ਦੇ ਕੰਮਾ ਵਿਚ ਲਗੇ ਹੋਏ ਸਨ ਉਹ ਵੀ ਨਕੰਮੇ ਹੋ ਗਏ ਹਨ ਅਤੇ ਸਾਡੇ ਪੈਰ ਵੀ ਤੁਹਾਡੇ ਚਰਨ ਕਵਲਾਂ ਨੂੰ ਛੱਡ ਕੇ ਇਕ ਪੈਰ ਵੀ ਹਟਣਾ ਨਹੀਂ ਚਾਹੁੰਦੇ। ਹੁਣ ਅਸੀਂ ਘਰ ਕਿਸ ਤ੍ਰਾਂ ਜਾਈਏ ? ਤੇ ਜਾ ਕੇ ਕਰੀਏ ਵੀ ਕੀ ? ਜਗਤ ਦਾ ਚਿਤ੍ਰ ਚਿਤ ਤੋਂ ਮਿਟ ਜਾਣਦੇ ਕਾਰਣ ਉਹ ਭਗਤ ਕਿਸੇ ਵੀ ਲੌਕਿਕ ਅਥਵਾ ਵੈਦਿਕ ਕਾਰਜ ਦੇ ਕਰਨ ਯੋਗ ਨਹੀਂ ਰਹਿੰਦਾ ਕਿਉਂਕਿ ਉਹ ਕੰਮ ਉਸ ਤੋਂ ਸੁਭਾਵਕ ਛੁਟ ਜਾਂਦੇ ਹਨ, ਤਦੇ ਤਾਂ ਲੋਕ ਉਸ ਨੂੰ ਕਮ ਅਕਲਾ (ਕਮਲਾ) ਆਖਣ ਲਗ ਪੈਂਦੇ ਹਨ।

(੬) ਭਗਤ ਸੂਰਦਾਸ ਜੀ ਅਜਿਹੇ ਪ੍ਰੇਮੀ ਭਗਤ ਦੇ ਸੂਤਰ ਦਾ ਵਰਨਨ ਕਰਦੇ ਹੋਏ ਏਸ ਤ੍ਰਾਂ ਕਹਿੰਦੇ ਹਨ "ਨ ਲਾਜ ਤੀਨ ਲੋਕ ਕੀ ਵੈਦ ਕੋ ਕਹਯੋ ਕਰੈ। ਨ ਸੰਕ ਭੂਤ ਪ੍ਰੇਤ ਕੀ ਨ ਦੇਵ ਜੱਛ ਤੇ ਡਰੈ। ਸੁਨੈ ਨ ਕਾਨ ਔਰ ਕੀ ਦ੍ਰਸੈ ਨਾ ਔਰ ਇਛਨਾ। ਕਹੈ ਨਾ ਬਾਤ ਔਰ ਕੀ ਸੁ ਭਗਤਿ ਪ੍ਰੇਮ ਲੱਛਨਾ।

(੭) ਭਗਤ ਸੁੰਦਰ ਦਾਸ ਜੀ ਲਿਖਦੇ ਹਨ, -"ਕਬਹੁੰਕ ਹੰਸ ਉਠ ਨ੍ਰਿਤ ਕਰੈ, ਰੋਵਣ ਫਿਰ ਲਾਗੈ। ਕਬਹੁੰਕ ਗਦ ਗਦ ਕੰਠ ਸ਼ਬਦ ਨਿਕਸੈ ਨਹਿੰ ਆਗੈ। ਕਬਹੁੰਕ ਹ੍ਰਿਦੈ ਉਮੰਗ ਬਹੁਤ ਉਚੇਸੁਰ ਗਾਵੈ।ਕਬਹੁੰਕ ਹ੍ਵੈ ਮੁਖ ਮੌਨ ਗਗਨ ਜੈਸੋ ਰਹਿ ਜਾਵੈ। ਚਿੱਤ ਬਿੱਤ ਹਰਿ ਮੋਂ ਲਗਯੋ ਸਾਵਧਾਨ ਕੈਸੋ ਰਹੈ। ਯਹੈ ਪ੍ਰੇਮ ਲੱਛਨਾਂ ਭਗਤਿ ਹੈ ਸ਼ਿੱਸ਼ ਸੁਨੋ 'ਸੁੰਦਰ' ਕਹੈ।

ਹਿੰਦੀ ਅਤੇ ਸੰਸਕ੍ਰਿਤ ਸਾਹਿਤ ਵਿਚੋਂ ਹੋਰ ਅਨੇਕਾਂ ਪ੍ਰਮਾਣ ਮਿਲ ਸਕਦੇ ਹਨ, ਜਿਨ੍ਹਾਂ ਤੋਂ ਸੂਤਰ ਅਥਵਾ ਮਸਤੀ ਦੀਆਂ ਭਿੰਨ ਭਿੰਨ ਦਸ਼ਾਵਾਂ ਤੇ ਉਤਮ ਤੋਂ ਉਤਮ ਉਦਾਹਰਣ ਮਿਲਦੇ, ਪ੍ਰਤੂੰ ਲੇਖ ਬਿੱਧੀ ਦੇ ਡਰ ਕਰਕੇ ਸੰਕੋਚ ਕੀਤਾ ਜਾਂਦਾ ਹੈ॥

## ਇਸਲਾਮੀ ਸਾਹਿੱਤ ਤੇ ਸੂਤਰ

ਸੰਸਕ੍ਰਿਤ ਅਤੇ ਹਿੰਦੀ ਸਾਹਿੱਤ ਵਿਚੋਂ ਸੂਤਰ ਦੇ ਪ੍ਰਮਾਣ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕਰ ਤੋਂ ਉਪਰੰਤ ਹੁਣ ਇਸਲਾਮੀ ਸਾਹਿੱਤ ਦੀ ਪੜਚੋਲ ਪਾਠਕਾਂ ਦੇ ਸਵ੍ਹੇਂ ਰਖੀ ਜਾਂਦੀ ਹੈ:- ਇਸਲਾਮ ਵਿਚ ਸੂਫੀ ਸੰਤਾਂ ਦਾ ਮਤ ਹੈ ਕਿ ਸੂਫੀ ਦਾ ਦਿਲ ਰਾਗ ਸੁਨਣ ਦੀ ਹਾਲਿਤ ਵਿਚ ਐਸਾ ਪਵਿਤ੍ਰ ਹੋ ਜਾਂਦਾ ਹੈ ਕਿ ਜਿਵੇਂ ਚਾਂਦੀ ਅੱਗ ਵਿਚ ਰੱਖਣ ਨਾਲ ਸ਼ੁਧ ਹੋ ਜਾਂਦੀ ਹੈ। ਕਵਾਲੀ ਯਾ ਕੀਰਤਨ ਦਿਲ ਵਿਚ ਅਜੇਹੀ ਅਗਨੀ ਪ੍ਰਚੰਡ ਕਰਦਾ ਹੈ ਜਿਸ ਨਾਲ ਮਨ ਦੀਆਂ ਅਨੇਕਾਂ ਕਰਤੂਤਾਂ ਸੜ੍ਹ ਕੇ ਸੁਆਹ ਹੋ ਜਾਂਦੀਆਂ ਹਨ। ਓਹ ਆਖਦੇ ਹਨ ਕਿ ਓਹ ਮਸਤੀ, ਜੇਹੜੀ ਕਈਆਂ ਸਾਧਨਾਂ ਦੁਆਰਾ ਵੀ ਪ੍ਰਾਪਤ ਨਹੀਂ ਹੋ ਸਕਦੀ, ਸ਼ੂਫੀ ਨੂੰ ਕੇਵਲ ਕਵਾਲੀ ਸੁਣਨ ਨਾਲ ਪ੍ਰਾਪਤ ਹੋ ਜਾਂਦੀ ਹੈ। ਬਾਜ਼ੇ ਵੇਲੇ ਕੀਰਤਨ ਸੁਣਨ ਦੀ ਦਸ਼ਾ ਵਿਚ ਸੁਫ਼ੀ ਦੇ ਅੰਗਾਂ ਦੀ ਸ਼ਕਤੀ ਜੜ ਜੇਹੀ ਹੋ ਜਾਂਦੀ ਹੈ ਤੇ ਓਹ ਬੇਹੋਸ਼ ਹੋ ਕੇ ਡਿੱਗ ਪੈਂਦਾ ਹੈ, ਸਭਾ ਵਿਚ ਬੈਠੇ ਹੋਏ ਹੋਰ ਲੋਕ ਵੀ ਮਸਤਾਨੇ ਸੁਫੀ ਦੀਆਂ ਬਰਕਤਾਂ ਤੋਂ ਖਾਲੀ ਨਹੀ ਰਹਿੰਦੇ। ਹਾਂ, ਅਸਲੀ ਤੇ ਬਨੌਟੀ ਸੂਤਰ (ਹਾਲ) ਦੀ ਪਰਖ ਓਨ੍ਹਾਂ ਨੂੰ ਹੈ, ਜੋ ਆਲ੍ਹਾ ਦਰਜੇ ਦੇ ਵਾਕਿਫਕਾਰ ਹਨ। (ਸ਼ਰਹ ਮਸਨਵੀ ਮੌਲਾਨ ਰੂਮ)

(੨) ਮੌਲਾਨਾ ਰੂਪ ਨੇ ਹਜ਼ਰਤ ਮੁਹੰਮਦ ਸਾਹਿਬ ਦੇ ਅਰਸ਼ਾਂ ਤੇ ਜਾਣ ਨੂੰ ਪ੍ਰੇਮ ਦਾ ਹੀ ਫਲ ਦਰਸ਼ਾਇਆ ਹੈ। ਉਹ ਕਹਿੰਦੇ ਹਨ ਕਿ -"ਜਿਸਮੇ ਖਾਕ ਅਜ਼ ਇਸ਼ਕ ਬਰ ਅਫਲਾਕ ਸ਼ੁਦ। ਕੋਹ ਦਰਰਕਸ ਆਮਦੇ ਚਾਲਾਕ ਸ਼ੁਦ।" ਅਰਥਾਤ ਖ਼ਾਕੀ ਜਿਸਮ ਰੱਬੀ ਇਸ਼ਕ ਦੇ ਸਬੱਬ ਅਸਮਾਨ ਤੇ ਗਿਆ ਹੈ ਅਤੇ ਪਹਾੜ (ਤੂਰ ਰੱਬੀ ਜਲਵੇ ਦੀ ਇਕ ਝਲਕ) ਨਾਲ ਨੱਚਣ ਲਗ ਪਿਆ। ਇਸ ਸ਼ੇਅਰ ਵਿਚ ਪ੍ਰੇਮ ਦੇ ਵਿਕਾਸ਼ ਰੂਪ ਸੂਤਰ (ਮਸਤੀ) ਦੇ ਦੋ ਪ੍ਰਮਾਣ ਹਨ। ਇਕ ਹਜ਼ਰਤ ਮੁਹੰਮਦ ਸਾਹਿਬ ਦਾ ਅਰਸ਼ਾਂ ਤੇ ਜਾਕੇ-ਕਾਬੈ ਕੋਸ਼ੀਨ ਵ ਅਦਨਾ' ਦਾ ਖ਼ਿਤਾਬ ਹਾਸਿਲ ਕਰਨਾ ਅਤੇ ਦੂਜਾ ਕੋਹਤੂਰ ਦਾ ਰੱਬੀ ਨੂਰ ਦੀ ਇਕ ਝਲਕ ਨਾਲ ਟੁਕੜੇ ਟੁਕੜੇ ਹੋ ਕੇ ਨਚਣ ਲਗ ਪੈਣਾਂ।

ਹਜ਼ਰਤ ਮੁਹੰਮਦ ਸਾਹਿਬ ਦੀ "ਸ਼ਬੇ ਮੈਰਾਜ" ਪ੍ਰਸਿੱਧ ਹੈ। ਅਤੇ ਪਹਾੜ ਦਾ ਕਿੱਸਾ ਕੁਰਾਨ ਸ਼ਰੀਫ ਵਿਚ ਇੰਵ ਆਇਆ ਹੈ ਕਿ ਹਜ਼ਰਤ ਮੂਸਾ ਸਾਹਿਬ ਨੇ ਖ਼ੁਦਾ ਦੇ ਪਾਸ ਅਰਜ਼ ਕੀਤੀ ਕਿ ਆਪਣਾ ਦੀਦਾਰ ਮੈਨੂੰ ਦੇਵੋ ਤਾਕਿ ਮੈਂ ਇਕ ਨਜ਼ਰ ਨਾਲ ਆਪ ਨੂੰ ਦੇਖ ਸਕਾਂ। ਅਗੋਂ ਅਵਾਜ਼ ਆਈ ਕਿ ਤੂੰ ਮੈਨੂੰ (ਏਨਾਂ

ਅੱਖਾ ਨਾਲ) ਕਦਾਚਿਤ ਦੇਖ ਨਹੀਂ ਸਕਦਾ।ਪਰ ਤੂੰ ਪਹਾੜ ਤੂਲ ਵਲ ਜਾ, ਓਧੇ ਤੇ ਮੈਂ ਆਪਣੇ ਨੂਰ ਦੀ ਇਕ ਕਿਰਨ ਸੁਟਾਂਗਾ, ਜੇਕਰ ਪਹਾੜ ਆਪਣੀ ਪਹਿਲੇ ਹਾਲਿਤ ਵਿਚ ਟਿਕਿਆ ਰਿਹਾ ਤਾਂ ਤੂੰ ਮੈਨੂੰ ਵੇਖ ਸਕੇਂਗਾ। ਸੋ ਜਦ ਖ਼ੁਦਾ ਨੇ ਆਪਣੇ ਨੂਰ ਦੀ ਪਹਿਲੀ ਝਲਕ ਕੋਹ ਤੂਰ ਉੱਤੇ ਸੁੱਟੀ ਤਾਂ ਪਹਾੜ ਟੁਕੜੇ ਟੁਕੜੇ ਹੋ ਕੇ ਨੱਚਣ ਲਗ ਪਿਆ ਤੇ ਹਜ਼ਰਤ ਮੂਸਾ ਸਾਹਿਬ ਬੇਹੋਸ਼ ਹੋ ਕੇ ਡਿੱਗ ਪਏ ਅਰ ਅੱਠ ਪਹਿਰ ਉਨ੍ਹਾਂ ਨੂੰ ਸੂਤਰ ਪਿਆ ਰਿਹਾ। ਇਹ ਬਾਰਤਾ ਕੁਰਾਨ ਸ਼ਰੀਫ਼ ਦੀ ਦੂਜੀ ਮੰਜ਼ਲ ਦੂਜੀ ਸਪਾਰੇ ਨਾਵੇਂ ਤੇ ਸੂਰਤ ਸੱਤਵੀ ਵਿਚ ਦਰਜ ਹੈ। ਮੌਲਾਨ ਰੂਮ ਸਾਹਿਬ ਕਹਿੰਦੇ ਹਨ:- ਇਸ਼ਕ ਜਾਨ ਤੂਰ ਆਮਦ ਆਸ਼ਿਕਾ। ਤੂਰ ਮਸਤੋ ਖ਼ੁਰਾ ਮੂਸਾ ਸੁਆਦਿਕ"॥ ਐ ਪ੍ਰੇਮੀਂ ! ਪ੍ਰੇਮ ਤੂਰ ਦੀ ਜਾਨ (ਸਾਬਿਤ) ਹੋਇਆ। (ਰੱਬੀ ਜਲਵੇ ਦੇ ਅਸਰ ਨਾਲ) ਤੂਰ ਮਸਤਾਨਾ ਹੋ ਗਿਆ। ਤੇ (ਹਜ਼ਰਤ) ਮੂਸਾ ਬੇਹੋਸ਼ ਹੋ ਕੇ ਡਿੱਗ ਪਏ।

(੩) ਹਜ਼ਰਤ ਸਾਹਿਬ ਦੇ ਇਲਹਾਮ ਦੇ ਸਮੇਂ ਸੂਤਰ ਹੋਣਾ ਇਸਲਾਮੀ ਇਤਿਹਾਸ ਵਿਚ ਪ੍ਰਸਿੱਧ ਹੈ। ਕਹਿੰਦੇ ਹਨ ਜਿਸ ਸਮੇਂ ਆਪ ਤੇ ਵਹੀ ਨਾਜ਼ਲ ਹੁੰਦੀ ਸੀ ਤਾਂ ਆਪਦੇ ਮੂੰਹ ਵਿਚੋਂ ਝੱਗ ਔਣ ਲਗ ਪੈਂਦੀ ਸੀ ਤੇ ਅਵਾਜ਼ ਵੀ ਅਜੇਹੀ ਕੱਢਦੇ ਸਨ ਕਿ ਸੁਣਨ ਤੇ ਵੇਖਣ ਵਾਲੇ ਤ੍ਰਹਿਕ ਜਾਂਦੇ ਸਨ। ਅਜੇਹੀ ਹਾਲਤ ਵਿਚ ਹਜ਼ਰਤ ਕਈ ਵਾਰ ਬੇਹੋਸ਼ ਜੇਹੇ ਹੋ ਜਾਂਦੇ ਸਨ।

(੪) ਖ਼ਵਾਜ਼ਾ ਸਾਹਿਬ ਹਜ਼ਰਤ ਮੁਅੱਯੁਨ ਦੀਨ ਚਿਸ਼ਤੀ ਅਜਮੇਰ ਸ਼ਰੀਫ ਵਾਲਿਆਂ ਦੇ ਸਬੰਧ ਵਿਚ ਉਹਨਾਂ ਦੀ ਜੀਵਨੀ ਵਿਚ ਲਿਖਿਆ ਹੈ ਕਿ ਆਪ ਇਕ ਵਾਰ ਖਵਾਜ਼ਾ ਹਜ਼ਰਤ ਸ਼ੇਖ ਅਬਦੁਲ ਕਾਦਰ ਜੀਲਾਨੀ ਦੇ ਚਰਨਾਂ ਵਿਚ ਪਹੁੰਚੇ ਤੇ ਸਰੋਦ (ਕੀਰਤਨ) ਸੁਣਨ ਦੀ ਆਸ਼ਾ ਪ੍ਰਗਟ ਕੀਤੀ। ਜੀਲਾਨੀ ਸਾਹਿਬ ਚੂੰਕਿ ਰਾਗ ਸੁਣਨਾਂ ਹਰਾਮ ਮੰਨਦੇ ਸਨ। ਜਿਸ ਕਰਕੇ ਓਹਨਾਂ ਨੇ ਆਪਨੇ ਸ਼ਹਿਰ ਵਿਚੋਂ ਕੁਲ ਕਲਾਵਾਂ ਨੂੰ ਕੱਢ ਦਿੱਤਾ ਹੋਇਆ ਸੀ। ਏਸ ਲਈ ਆਪ ਨੂੰ ਏਹ ਗਲ ਕਠਨ ਜੇਹੀ ਪ੍ਰਤੀਤ ਹੋਈ। ਪਰ ਹਜ਼ਰਤ ਮੁਅੱਯੁਨ ਦੀਨ ਸਾਹਿਬ ਚਿਸ਼ਤੀ ਦੇ ਦਰਜੇ ਨੂੰ ਸ਼ੇਖ ਅਬਦੁਲ ਕਾਦਰ ਸਾਹਿਬ ਨੇ ਏਡਾ ਉਤਮ ਅਨੁਭਵ ਕੀਤਾ ਕਿ ਆਪ ਜਿਸ ਗਲ ਨੂੰ ਹਰਾਮ ਸਮਝਦੇ ਸੀ, ਉਸ ਦਾ ਆਪ ਨੇ ਪ੍ਰਬੰਧ ਕਰ ਦਿੱਤਾ ਤੇ ਏਕ ਬੁਢੇ ਜਿਹੇ ਕਵਾਲ ਨੂੰ ਲਿਆ ਕੇ ਸ਼ਰੋਧ ਸ਼ੁਰੂ ਕਰਾ ਦਿੱਤਾ। ਜਿਸ ਵੇਲੇ ਕਵਾਲ ਨੇ ਏਹ ਮਿਸ਼ਰਾ ਪੜਿਆ - "ਕੁਸ਼ਤਗਾਨਿ ਖ਼ੰਜਰੇ ਤਸਲੀਮ ਰਾ।.................." ਤਾਂ ਖ਼ਾਜ਼ਾ ਨੂੰ ਵਜਦ (ਸੂਤਰ) ਹੋ ਗਿਆ। ਉਸ ਹਾਲਤ ਵਿਚ ਆਪ ਦਾ ਸਰੀਰ ਰੂੰ ਦੇ ਗੋਹੜੇ ਜੈਸਾ ਹੋ ਗਿਆ ਅਤੇ ਆਪ ਉਡ ਉਡ ਕੇ ਛੱਤ ਨੂੰ ਜਾ ਲਗਦੇ ਤੇ ਫੇਰ ਭੁੰਞੇ ਡਿਗ ਪੈਂਦੇ ਸਨ।

(੫) ਹਜ਼ਰਤ ਮਨਸੂਰ ਅਤੇ ਸ਼ਮਸਤਬਰੇਜ ਨੂੰ ਸੂਲੀ ਤੇ ਚੜ੍ਹਾਣਾਂ ਅਤੇ ਖੱਲ ਉਤਾਰਨੀ ਜਗਤ ਪ੍ਰਸਿੱਧ ਵਾਕਿਆਤ ਹਨ। ਮਨ ਸੂਰ ਨੇ ਜਦ ਮਸਤੀ ਦੀ ਹਾਲਿਤ ਵਿਚ 'ਅਨਲਹਕ' ਜਿਹਾ ਕਿਹਾ ਸੀ ਤਾਂ ਬੇਸਮਝ ਲੋਕ ਇਸਦੀ ਅਸਲੱਯਤ ਨੂੰ ਨਾ ਸਮਝੇ, ਆਪ ਨੂੰ ਸੂਲੀ ਤੇ ਚਾੜ੍ਹ ਦਿੱਤਾ। ਹਜ਼ਰਤ ਸਮਸਤਬਰੇਜ ਨੇ ਜਦ ਮਸਤੀ ਦੀ ਹਾਲਤ ਵਿਚ 'ਕੁਮਬਿਇਜ਼ਨੀ' ਆਖ ਕੇ ਮੁਰਦਾ ਜਿੰਦਾ ਕਰ ਦਿੱਤਾ ਤਾਂ ਉਸਦੀ ਖਲ ਲਾਹ ਦਿੱਤੀ ਗਈ ਸੀ। ਏਨ੍ਹਾਂ ਦੋਹਾਂ ਬਜ਼ੁਰਗਾਂ ਦੀ ਮੌਤ ਦਾ ਕਾਰਨ "ਸੂਤਰ" ਯਾ 'ਮਸਤੀ' ਹੀ ਸੀ। ਏਹੀ ਕਾਰਨ ਹੈ ਕਿ ਉਹ ਲੋਕ ਜਿਨ੍ਹਾਂ ਨੇ ਉਨ੍ਹਾਂ ਦੇ ਸੂਤ੍ਰ ਨੂੰ ਅਨੁਭਵ ਨਾ ਕਰਦਿਆਂ ਹੋਇਆਂ ਉਨ੍ਹਾਂ ਤੇ ਕਤਲ ਦੇ ਫਤਵੇ ਲਾਏ ਸਨ। ਓਨਾਂ ਦੀ ਔਲਾਦ ਅਜ ਉਹਨਾਂ ਨੂੰ ਵਲੀ ਅਤੇ ਪਰਮ ਦੇ ਉੱਚ ਕੋਟੀ ਦੇ ਸ਼ੁਫੀ ਮੰਨਦੀ ਹੈ। ਜਿਸ ਦਾ ਮਤਲਬ ਏਹ ਹੈ ਕਿ ਉਨ੍ਹਾਂ ਦੇ ਉਸ ਸੂਤਰ (ਦੀ ਹਾਲਤ) ਨੂੰ ਜਿਸ ਨੂੰ ਓਦੋਂ ਬੇ ਸਮਝੀ ਦੇ ਕਾਰਨ ਜ਼ੁਰਮ ਸਮਝਿਆ ਗਿਆ ਸੀ, ਅਜ ਕਬੂਲ ਕਰ ਲਿਆ ਗਿਆ ਹੈ ਅਤੇ ਏਸ ਕਰਕੇ ਹੁਣ ਓਨਾਂ ਦੇ ਨਾਮ ਬੜੇ ਹੀ ਸਤਕਾਰ ਤੇ ਅਦਬ ਨਾਲ ਬੁਲਾਏ ਜਾਂਦੇ ਹਨ। ਤਾਂ ਤੇ ਪੂਰਵੋਕਤ ਪ੍ਰਮਾਣਾਂ ਦੁਆਰਾ ਸਿੱਧ ਹੈ, ਕਿ ਇਸਲਾਮ ਵਿਚ ਵੀ ਰੱਬੀ ਜਲਵਾ ਹਾਸਿਲ ਕਰਨ ਵਾਲੇ ਮਹਾਪੁਰਖਾਂ ਨੂੰ ਸੂਤਰ ਪੈਂਦਾ ਰਿਹਾ ਹੈ, ਏਥੋਂ ਤੱਕ ਕੇ ਉਸ ਜਲਵੇ ਦੇ ਅਸਰ ਨਾਲ ਪਹਾੜ ਵੀ ਨਾਚ ਕਰਦੇ ਰਹੇ ਹਨ।

## ਸਿੱਖ ਸਾਹਿੱਤਯ

ਸਿੱਖ ਸਾਹਿੱਤ ਵਿਚ ਸਭ ਤੋਂ ਉੱਤਮ ਦਰਜਾ ਬਾਣੀ ਦਾ ਅਤੇ ਓਸ ਤੋਂ ਹਟ ਕੇ ਭਾਈ ਗੁਰਦਾਸ ਜੀ ਅਤੇ ਦੀਵਾਨ ਨੰਦ ਲਾਲ ਜੀ ਦੀਆਂ ਬਾਣੀਆਂ ਦਾ ਹੈ। ਲੇਖ ਦੇ ਸ਼ੁਰੂ ਵਿਚ ਦਸਿਆ ਜਾ ਚੁਕਾ ਹੈ ਕਿ ਜਿਸ ਪ੍ਰੇਮ ਤੋਂ "ਸੂਤਰ" ਅਥਵਾ ਮਸਤੀ ਪੈਦਾ ਹੁੰਦੀ ਹੈ ਉਹ 'ਅਨਰ ਵਚਨੀ' ਹੈ। ਗੁਰੂ ਜੀ ਵੀ ਪ੍ਰੇਮ ਸੰਬਧੀ

ਆਖਦੇ ਹਨ-"ਅਕਥ ਕਹਾਨੀ ਪ੍ਰੇਮ ਕੀ ਕੋਈ ਪ੍ਰੀਤਮ ਆਖੈ ਆਇ। ਤਿਸੁ ਦੇਵਾ ਮਨੁ ਆਪਣਾ ਨਿਵਿ ਨਿਵਿ ਲਾਗਉ ਪਾਇ। (ਸੂਹੀ ਮ: ੪)

ਇਸ ਕਹਾਨੀ ਦੇ ਅਕਥ ਇਸ ਲਈ ਹੈ ਕਿ ਜਿੰਨ੍ਹਾਂ ਨੇ ਏਸ ਦੇ ਰਸ ਨੂੰ ਅਨੁਭਵ ਨਹੀਂ ਕੀਤਾ ਹੈ, ਉਹ ਤਾਂ ਇਸਦਾ ਸੁਆਦ ਜਾਣਦੇ ਹੀ ਨਹੀਂ ਤੇ ਜੇਹੜੇ ਏਸ ਦਾ ਰਸ ਅਨੁਭਵ ਕਰਦੇ ਹਨ, ਉਹ ਅਜਿਹਾ ਮਸਤ ਹੋ ਜਾਂਦੇ ਹਨ ਕਿ ਦੱਸਣ ਜੋਗੇ ਰਹਿੰਦੇ ਨਹੀਂ। ਉਦਾਹਰਨ ਦੇ ਰੂਪ ਵਿਚ ਇਸਤ੍ਰੀ ਤੇ ਪੁਰਸ਼ ਦੇ ਪ੍ਰੇਮ ਨੂੰ ਹੀ ਲੈ ਲਵੋ। ਇਹ ਦੋਵੇਂ ਹੀ ਵਿਸ਼ਵ ਕਰਤਾ ਅਕਾਲ ਪੁਰਖ ਦੀ ਮਸ਼ੀਨਰੀ ਦੇ ਨਿੱਕੇ ਨਿੱਕੇ ਪੁਰਜੇ ਹਨ। ਏਨ੍ਹਾਂ ਦੇ ਪ੍ਰੇਮ ਸੰਮੇਲਨ ਦੇ ਫਲ ਸਰੂਪ ਵਿਚ ਜੇਹੜਾ ਅਨੰਦ ਉਤਪੰਨ ਹੁੰਦਾ ਹੈ। ਜੇ ਕੋਈ ਉਸ ਨੂੰ ਪ੍ਰਗਟ ਕਰਨ ਵਾਸਤੇ ਕਹੇ ਤਾਂ ਉਤ੍ਰ ਵਿਚ ਸਿਵਾਏ ਇਸ ਦੇ ਕਿ ਉਸ ਨੂੰ "ਅਕਥ" ਕਿਹਾ ਜਾਏ, ਹੋਰ ਕੁਛ ਨਹੀਂ ਕਹਾ ਜਾ ਸਕਦਾ। ਜੋ ਕਾਇਨਾਤ ਦੀ ਮਸ਼ੀਨਰੀ ਦੇ ਦੋ ਅਦਨੇ ਪੁਰਜ਼ਿਆਂ ਦੇ ਪ੍ਰੇਮ ਦਾ ਰਸ ਮਦ ਬਾਣੀ ਵਿਸ਼ਯ ਨਹੀਂ ਹੈ, ਤਾਂ ਮਾਲਕੇ ਕੁਲ ਦੇ ਨਾਲ ਕਿਸੇ ਭਗਤ ਯਾ ਪ੍ਰੇਮੀ ਦੇ ਪ੍ਰੇਮ ਸੰਮੇਲਨ ਦਾ ਰਸ ਵਰਨਨ ਕਰਨ ਦੀ ਕੀਦ੍ਹੇ ਵਿਚ ਸ਼ਕਤੀ ਹੋ ਸਕਦੀ ਹੈ ?

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਏਸ ਗਲ ਨੂੰ ਸਮਝਾਣ ਵਾਸਤੇ ਗੂੰਗੇ ਦਾ ਦ੍ਰਿਸ਼ਟਾਂਤ ਦੇਂਦਿਆਂ ਹੋਇਆ ਉਚਾਰਣ ਕੀਤਾ ਹੈ ਕਿ:-"ਪੀਓ ਅੰਮ੍ਰਿਤ ਨਾਮ ਅਮੋਲਕ ਜਿਉਂ ਚਾਖ ਗੂੰਗਾ ਮੁਸਕਾਰੈ"॥

(ਸਾਰੰਗ ਮਹਲਾ ੫)

ਗੂੰਗੇ ਆਦਮੀਂ ਨੂੰ ਜਦ ਮਿਠਾਆਈ ਦਾ ਸੁਆਦ ਔਂਦਾ ਹੈ ਤਾਂ ਉਹ ਮੁਸਕ੍ਰਾਂਦਾ ਹੈ, ਕਛਾਂ ਮਾਰਦਾ ਹੈ, ਹਸਦਾ ਤੇ ਟਪਦਾ ਹੈ। ਪਰ ਮੂੰਹੋਂ ਕੁਛ ਨਹੀਂ ਕਹਿੰਦਾ। ਏਹੀ ਦਸ਼ਾ ਮਸਤਾਨੇ ਦੀ ਹੈ, ਜੋ ਜ਼ੁਬਾਨੋਂ ਤੇ ਘੱਟ ਬੋਲਦਾ ਹੈ ਪ੍ਰਤੂੰ ਭੁਲੇ ਭਟਕੇ ਲੋਕਾਂ ਨੂੰ ਹਕੀਕਤ ਸਮਝਾਣ ਵਾਸਤੇ ਕਦੇ ਕਦੇ ਇਸ਼ਾਰਾ ਜਰੂਰ ਕਰ ਦੇਂਦਾ ਹੈ। ਜੇਸੈ -"ਮਾਈ ਮਨ ਮੇਰੋ ਮਤਵਾਰੋ।ਪੇਖਿ ਦਿਆਲ ਅਨਦ ਸੁਖ ਪੂਰਨ ਹਰਿ ਰਸਿ ਰਪਿਓ ਖੁਮਾਰੋ"।

(ਸਾਰੰਗ ਮਹਲਾ ੫)

ਭਗਤ ਸ੍ਰੁਮਣੀ ਕਬੀਰ ਜੀ ਨੂੰ ਜਦ ਸੂਤਰ ਪਿਆ ਤਾਂ ਲੋਕਾਂ ਕਿਹਾ ਬਉਰਾ ਹੋ ਗਿਆ ਹੈ, ਪਰ ਉਨ੍ਹਾਂ ਜਵਾਬ ਕਿਹਾ-"ਲੋਗ ਕਹੈ ਕਬੀਰ ਬਉਰਾਨਾ। ਕਬੀਰ ਕਾ ਮਰਮ ਰਾਮ ਪਹਿਚਾਨਾ।"

(ਭੈਰਉ ਕਬੀਰ ਜੀ )

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦ ਸੰਬਧੀਆਂ ਨੇ ਸੂਤਰ ਦੀ ਹਾਲਤ ਵਿਚ ਤੱਕਿਆ ਤਾਂ ਕਹਿਣ ਲਗੇ- 'ਏਹ ਖਫਤੀ ਹੋਇਆ ਹੈ ਯਾ ਏਸ ਨੂੰ ਕੋਈ ਜਿੰਨ ਭੂਤ ਚੰਬੜ ਗਿਆ ਹੈ। ਝਾੜਾ ਕਰਾਣ ਲਈ ਮੁਲਾਂ ਲਿਆਂਦਾ ਗਿਆ ਪਰ ਗੁਰੂ ਜੀ ਉਤਰ ਦਿੱਤਾ, "ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ। ਕੋਈ ਆਖੈ ਆਦਮੀਂ ਵੇਚਾਰਾ। ਭਇਆ ਦੀਵਾਨਾ ਸਾਹ ਕਾ ਨਾਨਕ ਬਉਰਾਨਾ।"

(ਮਾਰੂ ਮਹਲਾ ੫)

ਗੁਰੂ ਜੀ ਮੰਨਿਆਂ ਅਤੇ ਚੰਗੀ ਤਰ੍ਹਾਂ ਇਕਬਾਲ ਕੀਤਾ, 'ਨਾਨਕ ਦੀਵਾਨਾ ਹੈ ਬੌਰਾ ਹੈ, ਪਰ ਦੁਨੀਆ ਦਾ ਨਹੀਂ, ਸਗੋਂ ਸੱਚੇ ਪਾਤਸ਼ਾਹ (ਅਕਾਲ ਪੁਰਖ) ਦਾ ਹੈ। ਸੋ ਲੋਕ ਭਾਵੇਂ ਏਨ੍ਹਾਂ ਰਾਮ ਮੱਤੀਆਂ ਨੂੰ ਕਮਲੇ ਕਹਿਣ, ਸੌਦਾਈ ਕਹਿਣ, ਜੋ ਜੀ ਵਿਚ ਆਵੇ ਕਹਿਣ, ਉਹ ਕਿਸੇ ਦੀ ਪ੍ਰਵਾਹ ਨਹੀਂ ਕਰਦੇ ਅਤੇ ਅਪਨੇ ਹੀ ਰੰਗ ਵਿਚ ਮਸਤ ਰਹਿੰਦੇ ਹਨ।

"ਰੰਗ ਹਸੈ ਰੰਗਿ ਰੋਵੈ ਚੁਪ ਭੀ ਕਰ ਜਾਹਿ।
ਪਰਵਾਹ ਨਾਹੀ ਕਿਸੈ ਕੇਰੀ ਬਾਝ ਸਚੇ ਨਾਹ"

ਜਦ ਪ੍ਰਾਕ੍ਰਿਤਕ ਪਦਾਰਥਾਂ ਦੇ ਆਸ਼ਿਕ ਮਾਇਕ ਪਦਾਰਥਾਂ ਵਿਚ ਪ੍ਰਮਾਦੀ ਹੋ ਕੇ ਬੇਪ੍ਰਵਾਹ ਹੋ ਸਕਦੇ ਹਨ ਤਾਂ ਪਾਤਸਾਹਾਂ ਦੇ ਪਾਤਸ਼ਾਹ ਅਤੇ "ਊਚੇ ਤੇ ਊਚਾ ਬਗਵੰਤ" ਦੀ ਡਿਗਰੀ ਰਖਣ ਵਾਲੇ ਨਾਲ ਅੰਦਰੂਨੀ ਗੰਢ ਰੱਖਣ ਵਾਲੇ ਸੰਤਾਂ ਨੂੰ ਭਲਾ ਕਿਸ ਦੀ ਪ੍ਰਵਾਹ ਹੋ ਸਕਦੀ ਹੈ ? ਉਹ ਤਾਂ ਸਦਾ ਹੀ ਆਪਣੇ ਪ੍ਰੀਤਮ ਦੇ ਰੰਗ ਵਿਚ ਉਨਮੱਤ ਹਨ- "ਹਰਿ ਕੇ ਦਾਸ ਹਰਿ ਸੇਤੀ ਰਾਤੇ । ਰਾਮ ਰਸਾਇਣ ਅਨਦਿਨੁ ਮਾਤੇ॥" (ਸੂਹੀ ਮਹਲਾ ੫) ਪੁਨਾ- "ਸਦਾ ਰੰਗਿ ਰਾਤੇ ਤੇਰੇ ਚਾਇ। ਹਰਿ ਜੀਉ ਆਪ ਵਸੈ ਮਨਿ ਆਇ"। (ਬਿਲਾਵਲ ਮਹਲਾ ੩)

## ਕੇਸਾਂ ਦੀ ਬੇਅਦਬੀ

ਕਿਸੇ ਨਾਮਧਾਰੀ ਨੂੰ ਜਦ ਸੂਤਰ ਪਵੇ ਤੇ ਉਹ ਖੰਡਣ ਲਗ ਪਵੇ ਤਾਂ ਕਈ ਸਜਣ ਆਖਦੇ ਹਨ, ਏਹ ਕੇਸਾਂ ਦੀ ਬੇਅਦਬੀ ਕਰਦਾ ਹੈ, ਜੋ ਮੁਨਾਸਬ ਨਹੀਂ। ਪਰ ਜੇ ਓਹਨਾਂ ਨੂੰ ਅਦਬ ਤੇ ਬੇਅਦਬੀ ਦਾ ਪਤਾ ਲਗ ਜਾਏ ਤਾਂ ਉਹ ਏਹ ਕਹਿਣ ਦੀ ਖੇਚਲ ਤੋਂ ਬਚ ਜਾਣ। ਕਿਉਂਕਿ ਬੇਅਦਬੀ ਸਿਰ ਤੋਂ ਪੱਗ ਲਹਿ ਜਾਣ ਯਾ ਸਿਰ ਹਿਲਾਣ ਨਾਲ ਨਹੀਂ ਹੁੰਦੀ, ਸਗੋਂ ਉਸ ਸੂਤਰ ਵਿਚ ਹੁੰਦੀ ਹੈ ਜਿਸ ਵਿਚ ਕੇਸਾਂ ਸੰਬਧੀ ਗੁਰੂ ਜੀ ਦੀ ਆਗਿਆ ਦਾ ਜਾਣ ਬੁਝ ਕੇ ਉਲੰਘਣ ਕੀਤਾ ਜਾਵੇ। ਪਰ ਜਿਸ ਸੂਰਤ ਵਿਚ ਗੁਰੂ ਕੀ ਬਾਣੀ ਦੇ ਪ੍ਰਭਾਵ ਅਥਵਾ ਗੁਰੂ ਜੀ ਦੇ ਚਮਤਕਾਰ ਦਰਸ਼ਨ ਦੇ ਜਲਵੇ ਨਾਲ ਪ੍ਰੇਮੀਂ ਦੀ ਅਜੇਹੀ ਹਾਲਤ ਹੋ ਸਕਦੀ ਹੈ, ਕਿ ਸਿੱਖ ਖੇਡਣ ਲਗ ਪਵੇ ਜਾਂ ਬੇਸੁੱਧ ਹੋ ਕੇ ਧਰਤੀ ਤੇ ਡਿੱਗ ਪਵੇ ਅਥਵਾ ਮਿੱਟੀ ਵਿਚ ਲੇਟੇ ਅਤੇ ਉਸ ਦੇ ਕੇਸਾਂ ਵਿਚ ਧੂੜ ਪਵੇ? ਤਾਂ ਇਸ ਦਾ ਉਤਰ ਹਾਂ ਵਿਚ ਦਿੱਤਾ ਜਾ ਸਕਦਾ ਹੈ।ਬਿਲਾਵਲ ਰਾਗ ਦੀਆਂ ਅਸ਼ਟ ਪਦੀਆਂ ਵਿਚ ਸ੍ਰੀ ਗੁਰੂ ਰਾਮ ਦਾਸ ਜੀ ਸੂਤਰ ਦੀ ਏਸ ਦਸ਼ਾ ਨੂੰ ਸਮੇਤ ਉਸ ਦੇ ਕਾਰਨ ਦੇ ਲਿਖਦੇ ਹਨ- "ਅੰਤਰ ਪਿਆਸ ਉਠੀ ਪ੍ਰਭ ਕੇਰੀ ਸੁਣ ਗੁਰ ਬਚਨ ਮਨ ਤੀਰ ਲਗਈਆ॥ ਮਨ ਕੀ ਬਿਰਥਾ ਮਨ ਹੀ ਜਾਣੈ ਅਵਰ ਕਿ ਜਾਣੈ ਪੀਰ ਪਰਈਆ। ਰਾਮ ਗੁਰ ਮੋਹਨ ਮੋਹ ਮਨ ਲਈਆ। ਆਕਲ ਬਿਕਲ ਭਈ ਗੁਰ ਦੇਖੇ ਲੋਟ ਪੋਟ ਹੋ ਪਈਆ।" ਏਨ੍ਹਾਂ ਪੰਗਤੀਆਂ ਵਿਚ ਲੋਟ ਪੋਟ ਹੋਣ ਦੇ ਦੋ ਕਾਰਣ ਦੱਸੇ ਹਨ, (੧) ਗੁਰ ਬਚਨ ਦਾ ਤੀਰ, ਅਤੇ (੨) ਗੁਰੂ ਜੀ ਦਾ ਮੋਹਨੀ ਦਰਸ਼ਨ। ਪਹਿਲੇ ਕਾਰਨ ਸੰਬਧੀ ਗੁਰੂ ਰਾਮ ਦਾਸ ਜੀ ਆਸਾ ਦੇ ਛੰਤਾਂ ਵਿਚ ਦਸਦੇ ਹਨ-"ਪ੍ਰੇਮ ਦਾ ਬਾਣ ਅਣੀਆਲਾ ਤੀਰ ਹੈ।"-"ਹਰਿ ਪ੍ਰੇਮ ਬਾਣੀ ਮਨ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।" ਇਕ ਹੋਰ ਥਾਵੇਂ ਦਸਦੇ ਹਨ -"ਗੁਰ ਸੁੰਦਰ ਮੋਹਨ ਪਾਇ ਕਰੇ ਹਰਿ ਪ੍ਰੇਮ ਬਾਣੀ ਮਨੁ ਮਾਰਿਆ। ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ ਮਨ ਆਸਾ ਚਿੰਤ ਵਿਸਾਰਿਆ। ਮੈਂ ਅੰਤਰ ਵੇਦਨ ਪ੍ਰੇਮ ਕੀ ਗੁਰ ਦੇਖਤ ਮਨ ਸਾਧਾਰਿਆ।" (ਸੂਹੀ ਮਹਲਾ ੪) ਗੁਰੂ ਰਾਮ ਦਾਸ ਜੀ ਦੇ ਪੂਰਵੋਕਤ ਵਾਕਾਂ ਦੁਆਰਾ ਪਤਾ ਲਗਾ ਕਿ ਗੁਰੂ ਮਹਾਰਾਜ ਜੀ ਦੇ ਪ੍ਰੇਮ ਦਾ ਕਾਰੀ ਤੀਰ ਜਿਸਦੇ ਹਿਰਦੇ ਵਿਚ ਲਗ ਜਾਏ, ਉਹ ਬਾਣ ਵਜੇ ਹੋਏ ਮਿਰਗ ਦੀ ਤਰ੍ਹਾਂ ਤੜਫਨ ਲਗ ਪੈਂਦਾ ਹੈ ਅਤੇ ਉਸਦੇ ਹਿਰਦੇ ਦੀ ਸੁਧ ਬੁਧ ਵਿਸਰ ਜਾਂਦੀ ਹੈ। ਭਾਵ ਉਹ ਹੋਸ਼ ਵਿਚ ਨਹੀਂ ਰਹਿੰਦਾ। ਭਗਤ ਕਬੀਰ ਜੀ ਨੇ ਵੀ ਇਸ ਹਾਲਤ ਦਾ ਵਰਨਨ ਕਰਦਿਆਂ ਹੋਇਆ ਕਿਹਾ ਹੈ-"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਣ ਜੋ ਏਕ। ਲਾਗਤ ਹੀ ਭੁਇ ਮਿਲ ਗਇਆ ਪਰਾ ਕਰੇਜੇ ਛੇਕ।" ਦੂਜਾ ਕਾਰਨ ਹੈ ਸਤਿਗੁਰਾਂ ਦਾ ਮੋਹਨੀ ਦਰਸ਼ਨ। ਜਿਸ ਨੂੰ ਤਕਦਿਆਂ ਸਾਰ ਅਜੇਹਾ ਪ੍ਰੇਮੀ ਜਿਸ ਦਾ ਦਿਲ ਦੀਦਾਰ ਦੀਆਂ ਸਧਰਾਂ ਤੇ ਉਮੰਗਾਂ ਨਾਲ ਭਰਪੂਰ ਹੈ, ਲੋਟ ਪੋਟ ਹੋ ਜਾਂਦਾ ਹੈ। ਸੋ ਪ੍ਰੇਮੀ ਦੇ ਲੋਟ ਪੋਟ ਹੋਣ ਦੀ ਹਾਲਤ ਦਾ ਕਾਰਨ ਗੁਰ ਬਚਨਾਂ ਦਾ ਤੀਰ ਅਤੇ ਗੁਰੂ ਜੀ ਦਾ ਦਿਵਯ ਦਰਸ਼ਨ ਹੈ। ਨਾ ਕਿ ਮਸਤਾਨੇ ਸਿੱਖ ਦੀ ਅਪਨੀ ਇਛਾ ਅਤੇ ਲੋਟਣ ਪੋਟਣ ਹੋਣ ਵਾਲੇ ਸਿੱਖ ਦੀ ਪਗ ਵੀ ਸਿਰ ਤੋਂ ਨਹੀਂ ਰਹਿ ਸਕਦੀ। ਇਸ ਵਾਸਤੇ ਮਸਤਾਨੇ ਦੀ ਅਜੇਹੀ ਹਾਲਤ ਜਿਸਨੂੰ ਪੈਦਾ ਕਰਨ ਵਾਲੇ ਗੁਰੂ ਕੇ ਬਚਨ ਅਤੇ ਗੁਰੂ ਕੇ ਦਰਸ਼ਨ ਹਨ। ਕੇਸਾਂ ਦੀ ਯਾ ਗੁਰਬਾਣੀ ਦੀ ਬੇਅਦਬੀ ਨਹੀਂ ਸਗੋਂ ਗੁਰਬਾਣੀ ਅਤੇ ਕੇਸਾਂ ਦਾ ਅਸਲੀ ਅਦਬ ਹੈ। ਏਸ ਹਾਲਿਤ ਵਿਚ ਪ੍ਰੇਮੀ ਇਹਨਾਂ ਗਲਾਂ ਦਾ ਵੀ ਅਸੂਲਨ ਪਾਬੰਧ ਨਹੀਂ ਰਹਿ ਸਕਦਾ ਕਿ ਪ੍ਰੇਮ ਹੁਲਰਿਆਂ ਵਿਚ ਓਹਦਾ ਸਿਰ ਕਿਧਰ ਹੈ ਤੇ ਪੈਰ ਕਿਧਰ ਹਨ, ਮੂੰਹ ਕਿਧਰ ਹੈ, ਤੇ ਪਿੱਠ ਕਿਧਰ ਹੈ। ਦੀਵਾਨ ਨੰਦ ਲਾਲ ਸਾਹਿਬ ਨੇ ਅਜੇਹੀ ਹਾਲਿਤ ਵਿਚ ਕਿਹਾ ਹੈ ਕਿ- "ਸਰ ਪਾ ਸ਼ੁਦੋ ਪਾ ਸਰ ਸ਼ੁਦ ਦਰ ਰਾਹੇ ਮੁਹਬਤ। ਗੋ ਏਮ ਵ ਲੇਕਿਨ ਸਰੋ ਪਾ ਰਾ ਨ ਸ਼ਿਨਾਸੇਮ।" (ਦੀਵਾਨ ਗੋਯਾ) ਅਰਥਾਤ ਹੇ ਕਲਗੀਧਰ ਪਿਤਾ ! ਤੇਰੇ ਪ੍ਰੇਮ ਦੇ ਕਾਰਨ ਸਿਰ ਪੈਰ ਅਤੇ ਪੈਰ ਸਿਰ ਹੋ ਗਏ, (ਏਹ ਗਲ ਵੀ) ਕਹਿਣ ਮਾਤ੍ਰ ਹੈ, ਅਸਲ ਵਿਚ ਤਾਂ ਅਸੀਂ ਸਿਰ ਤੇ ਪੈਰਾਂ ਦੇ ਫਰਕ ਨੂੰ ਨਹੀਂ ਪਛਾਣਦੇ। ਤਾਂ ਤੇ ਮਾਹਵੀਯਤ ਯਾ ਲੀਨਤਾ ਦਾ ਕਾਨੂੰਨ ਸੁਸਾਇਟੀ ਦੇ ਅਦਬੀ ਨਿਯਮਾਂ ਨੂੰ ਪ੍ਰੇਮ ਦੇ ਮੈਦਾਨ ਵਿਚ ਦਖ਼ਲ ਹੋਣ ਦੀ ਆਗਯਾ ਨਹੀ ਦੇਂਦਾ ਅਤੇ ਏਹ ਕਾਨੂੰਨ ਗੁਰੂ ਬਾਣੀ ਅਨੁਸਾਰ ਹੋਣ ਕਰਕੇ ਗੁਰਮਤ ਹੈ।

## ਕੇਸਾਂ ਦਾ ਚੰਵਰ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿਚ ਕਈ ਥਾਈਂ ਕੇਸਾਂ ਚੌਰ ਦਾ ਜ਼ਿਕਰ ਔਂਦਾ ਹੈ, ਜੈਸੇ- "ਕੇਸਾਂ ਕਾ ਕਰ ਚਵਰ ਢੁਲਾਵਾਂ ਚਰਨ ਧੂੜਿ ਮੁਖ ਲਾਈ" (ਸੂਹੀ ਮਹਲਾ ੫)

ਪੁਨਾ -"ਕੇਸਾਂ ਕਾ ਕਰ ਬੀਜਨਾ ਸੰਤ ਚਵਰ ਢੁਲਾਵਉ" (ਸੂਹੀ ਮਹਲਾ ੫)

ਇਤਆਦਕਿ ਹੋਰ ਵੀ ਅਨੇਕਾਂ ਗੁਰ ਵਾਕ ਹਨ ਜਿਨਾਂ ਦਾ ਅਰਥ ਏਹ ਹੈ ਕਿ ਸੰਤਾਂ ਸਤਿਗੁਰਾਂ ਦੇ ਚਰਨਾਂ ਤੇ ਕੇਸਾਂ ਦਾ ਚੌਰ ਕੀਤਾ ਜਾਏ। ਨਾਮਧਾਰੀ ਸਿੱਖ ਜਦੋਂ ਪ੍ਰੇਮ ਨਾਲ ਆਪਣੇ ਸਤਿਗੁਰਾਂ ਦੇ ਸੀਸ ਤੇ ਚੌਰ ਢੁਲਾਂਦੇ ਹਨ ਤਾਂ ਕਈ ਸਜੱਣ ਏਸ ਗਲ ਨੂੰ ਚੰਗਾ ਨਹੀਂ ਸਮਝਦੇ, ਪਰ ਉਹਨਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਸ ਬਾਣੀ ਨੂੰ ਉਹ "ਗੁਰੂ" ਕਹਿ ਕੇ ਸਤਿਕਾਰ ਦੇ ਹਨ ਉਸ ਵਿਚ ਚੌਰ ਢੁਲਾਣ ਦੀ ਆਗਯਾ ਕੇਵਲ ਮਹਾਂਪੁਰਖਾਂ ਵਾਸਤੇ ਹੀ ਹੈ, ਇਸ ਤੋਂ ਏਹ ਮਤਲਬ ਹਰਗਿਜ਼ ਨਹੀਂ ਕਿ ਹੋਰ ਕਿਤੇ ਚੌਰ ਨਾ ਢੁਲਾਯਾ ਜਾਵੇ, ਬਲਕਿ ਭਾਵ ਏਹ ਹੈ ਕਿ ਮਹਾਂਪੁਰਖਾਂ ਦੇ ਸੀਸ ਤੇ ਚਰਨਾਂ ਤੇ ਚੌਰ ਕਰਨ ਦੀ ਪ੍ਰਾਪਤ ਗੁਰਬਾਣੀ ਅਨੁਸਾਰ ਦਰੁਸਤ ਹੈ "ਜੈਸੇ ਛੋਡਿ ਜਾਏ ਤਉ ਛੂਟੈ ਨਾਹੀਂ। ਜਿਉ ਸਿੰਚੈ ਤਉ ਭਉ ਮਨ ਮਾਹੀ। ਇਸ ਹੀ ਮਹਿ ਜਿਸਕੀ ਪਤਿ ਰਾਖੈ ਤਿਉ ਸਾਧੂ ਚਉਰ ਢਾਲੀਐ।" (ਮਾਰੂ ਮਹਲਾ ੫)

ਭਾਵੇਂ ਗੁਰਬਾਣੀ ਅਨੁਸਾਰ ਮਹਾਂਪੁਰਖਾਂ ਤੇ ਹੀ ਢਾਲਣਾਂ ਯੋਗ ਹੈ, ਪਰ ਆਪਣੇ ਆਪਣੇ ਨਿਸ਼ਚੇ ਅਨੁਸਾਰ ਭਾਵੇਂ ਇਸ ਦੀ ਵਰਤੋਂ ਕੋਈ ਕਿਤੇ ਕਰੇ, ਪਰ ਵੇਖਣਾਂ ਏਹ ਹੈ ਕਿ -"ਕੇਸਾਂ ਦਾ ਚਉਰ" ਕਿਸ ਹਾਲਿਤ ਵਿਚ ਢਾਲਿਆ ਜਾ ਸਕਦਾ ਹੈ ਅਤੇ ਉਹ ਕੇਸਾਂ ਦੀ ਬੇਅਦਬੀ ਹੈ ਕਿ ਅਦਬ ?। ਇਸ ਦਾ ਉਤ੍ਰ ਪੂਰਵੋਕਤ ਵਾਕਾਂ ਅਨੁਸਾਰ ਏਹੀ ਹੈ ਕਿ ਕੇਸਾਂ ਦਾ ਚਉਰ ਕੇਵਲ 'ਸੂਤਰ' ਯਾ 'ਮਸਤੀ' ਦੀ ਲੋਟ ਪੋਟ ਅਵਸਥਾਂ ਵਿਚ ਢਾਲਿਆ ਜਾ ਸਕਦਾ ਹੈ ਅਤੇ ਉਸ ਦਾ ਯੋਗ ਪਾਤਰ ਹੈ ਸਾਧੂ (ਸਤਿਗੁਰ)

## ਨ੍ਰਿਤਕਾਰੀ

'ਧਰਮ ਕਲਪ ਦ੍ਰਮ ਪੁਸਤਕ ਦੇ ਸੰਗੀਤ ਪ੍ਰਕਰਣ ਸਫਾ ੨੫ ੭੨ ਵਿਖੇ ਲਿਖਿਆ ਹੈ ਕਿ - "ਹਿਰਦੈ ਤਥਾ ਭਾਵ ਦੇ ਹੁਲਾਸ ਨਾਲ ਨ੍ਰਿਤ ਕਰਨਾਂ ਜੀਆਂ ਦਾ ਸੁਭਾਵ ਸਿਧ ਧਰਮ ਹੈ। ਏਸ ਲਈ ਪ੍ਰਾਚੀਨ ਤਥਾ ਵਰਤਮਾਨ ਕਾਲ ਦੇ ਸਾਰਿਆਂ ਹਿੱਸਿਆਂ ਵਿਚ ਨ੍ਰਿਤਕਲਾ ਦਾ ਪ੍ਰਚਲਨ ਵੇਖਣ ਵਿਚ ਆਉਂਦਾ ਹੈ। ਸ਼ਿਵ ਮਹਾਰਾਜ ਦਾ ਤਾਂਡਵ ਨ੍ਰਿਤ ਦੇਵ ਰਿਸ਼ੀ ਨਾਰਦ ਦਾ ਭਵਨ ਮੋਹਨ ਨ੍ਰਿਤ ਸਵਰਗ ਵਿਚ ਅਪਸਰਾਂ ਦਾ ਨ੍ਰਿਤ ਸ਼ਾਸਤ੍ਰਾਂ ਦੁਅਰਾ ਪ੍ਰਸਿੱਧ ਹੈ। ਪੁਰਾਣ ਵਿਚ ਲਿਖਿਆ ਹੈ ਕਿ ਭਾਰਤ ਮੁਨੀ ਨਾਟਯ ਸ਼ਾਸਤ੍ਰ ਦੇ ਕਰਤਾ ਸਨ ਅਤੇ ਆਪ ਨੇ ਹੀ ਦੇਵ ਲੋਕ ਵਿਚ ਅਪਸਰਾਂ ਨੂੰ ਨਾਚ ਸਿਖਾਇਆ ਸੀ। ਹੋਰ ਤਾਂ ਹੋਰ, ਸ੍ਰੀ ਕ੍ਰਿਸ਼ਨ ਭਗਵਾਨ (ਨੰਦ ਨੰਦਨ) ਨੇ ਵਿਸ਼ਧਰ ਕਾਲੀ ਨਾਗ ਦੇ ਸਿਰ ਤੇ ਬੰਸੀ ਬਜਾਂਦਿਆਂ ਨਾਚ ਕੀਤਾ ਸੀ" । 'ਹਰਿ ਭਗਤਿ ਬਿਲਾਸ' ਪੁਸਤਕ ਵਿਚ ਨਾਚ ਸਬੰਧੀ ਲਿਖਿਆ ਹੈ ਕਿ ਵਿਸ਼ਨੂੰ ਭਗਵਾਨ ਦੇ ਸਨਮੁਖ ਜੇਹੜੇ ਭਗਤ ਤਾਲੀ ਬਜਾਂਦੇ ਹੋਏ ਨ੍ਰਿਤ ਕਰਦੇ ਹਨ। ਓਹਨਾਂ ਦੇ ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ।'ਦਵਾਰਕਾ ਮਹਾਤਮ' ਵਿਚ ਲਿਖਿਆ ਹੈ ਕਿ ਜੇਹੜਾ ਭਗਤ ਪ੍ਰਸੰਨ ਚਿਤ ਹੋ ਕੇ, ਅਤਯੰਤ ਹੀ ਭਗਤੀ ਭਾਵ ਨਾਲ ਨਾਚ ਕਰਦਾ ਹੈ, ਉਸ ਦੇ ਸੌ ਜਨਮਾਂ ਦੇ ਪਾਪ ਨਸ਼ਟ ਹੋ ਜਾਂਦੇ ਹਨ ਅਤੇ ਅੰਤ ਨੂੰ ਉਹ ਮੁਕਤ ਹੋ ਜਾਂਦਾ ਹੈ। ਭਾਗਵਤ ਪੁਰਾਣ ਅਤੇ ਵਿਸ਼ਨੂੰ ਪੁਰਾਣ ਵਿਚ ਵੀ ਕੀਰਤਨ ਕਰਦਿਆਂ ਪ੍ਰੇਮ ਨਾਲ ਨਿਰਤ ਕਰਨ ਦੇ ਉਦਾਹਰਣ ਮੌਜੂਦ ਹਨ। ਮਸਤਾਨੀ ਮੀਰਾਂ ਅਤੇ ਭਗਤ ਸੂਰ ਦਾਸ ਦਾ ਗੋਪਾਲ ਕੀਰਤਨ ਕਰਦਿਆਂ ਹੋਇਆਂ ਨ੍ਰਿਤ ਕਰਨਾ ਪਰਮ ਪ੍ਰਸਿੱਧ ਹੈ। ਕੀਰਤਨ ਸਮੇਂ ਅਤੇ ਕਈ ਵਾਰ ਕੀਰਤਨ ਤੋਂ ਪਹਿਲਾਂ ਵੀ ਬਿਨਾਂ ਵੀ ਰਾਮ ਰਸ ਮਤੇ ਹੋਏ ਨਾਮਧਾਰੀਏ ਮਸਤਾਨੇ ਨਿਰਤ ਕਰਦੇ ਹਨ। ਆਓ ਹੁਣ ਵੇਖੀਏ ਕਿ ਨਾਮਧਾਰੀਆਂ ਦਾ ਨਾਚ ਗੁਰਬਾਣੀ ਦੇ ਅਨੁਕੂਲ ਹੈ ਕਿ ਨਹੀਂ। ਗੁਰਬਾਣੀ ਦਾ ਵਿਚਾਰ ਪੂਰਵਕ ਮੁਤਾਲਿਆਂ ਕਰਨ ਤੋਂ ਪਤਾ ਲਗਦਾ ਹੈ ਕਿ ਮਹਾਰਾਜ ਜੀ ਨੇ ਤਿੰਨ ਤ੍ਰਾਂ ਦਾ ਨਾਚ ਮੰਨਿਆ ਹੈ, ਭਗਤੀ ਨਾਚ, ਜਗਤ ਨਾਚ ਅਤੇ ਵਿਸ਼ਯ ਨਾਚ। ਜਗਤ ਨਾਚ ਤਾਂ ਸੁਭਾਵਿਕ ਹੀ ਹੋ ਰਿਹਾ ਹੈ, 'ਜੈਸੇ ਪਇਐ ਕਿਰਤ ਨਚੈ ਸਭ ਕੋਇ'। (ਆਸਾ ਦੀ ਵਾਰ) ਅਰਥਾਤ ਅਪਣੀ ਅਪਣੀ ਕਰਿਤ ਵਿਚ ਪਏ ਹੋਏ ਸਾਰੇ ਜੀਵ (ਸੁਭਾਵਿਕ ਹੀ) ਨਚ ਰਹੇ ਹਨ। ਪੁਨਾਂ:- ਜੀਅ ਜੰਤ ਸਭੇ ਹੀ ਨਾਚਹਿ ਨਾਚੇ ਖਾਣੀ ਚਾਰੇ'।(ਗੂਜਰੀ ਮਹਲਾ ੩) ਅਰਥਾਤ ਸਾਰੇ ਜੀਵ ਜੰਤ ਭਾਵ ਚਾਰੇ ਖਾਣੀਆਂ ਰੂਪ ਪ੍ਰਪੰਚ ਦੇ ਪ੍ਰਮਾਣੂ ਕੁਦਰਤਨ ਨਚ ਰਹੇ ਹਨ। ਇਹ ਜਗਤ ਨਾਚ ਤਾਂ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਅਤੇ ਅਕਾਲ ਪੁਰਖ ਦੀ ਰਚਨਾਂ ਇਸ ਦਾ ਇਕ ਇਕ ਜਰਰਾ ਵੀ ਇਸ ਨਾਚ ਤੋਂ ਖਾਲੀ

ਨਹੀਂ। ਦੂਜਾ ਹੈ ਵਿਸ਼ਯ ਸਬੰਧੀ ਨਾਚ, ਜਿਸ ਦਾ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਨਿਸ਼ੇਧ ਰੂਪ ਵਿਚ ਵਰਨਨ ਹੈ-"ਪਗ ਨਾਚਤ ਚਿਤ ਅਕਰਮੰ। ਰੇ ਲੰਪਟ ਨਾਚ ਅਧਰਮੰ" - ਪੁਨਾਂ - ਰੋਟੀਆਂ ਕਾਰਨ ਪੂਰਹਿ ਤਾਲ। ਆਪ ਪਛਾੜਹਿ ਧਰਤੀ ਨਾਲ" (ਆਸਾ ਦੀ ਵਾਰ) ਇਤਆਦਿਕ ਹੋਰ ਵੀ ਕਈ ਵਾਕ ਹੈ, ਜਿਨ੍ਹਾਂ ਵਿਚ ਵਿਸ਼ਯ ਸਬੰਧੀ ਨਾਚ ਦਾ ਨਿਸ਼ੇਧ ਕੀਤਾ ਗਿਆ ਹੈ।। ਇਸ ਵਿਸ਼ਯ ਦੇ ਵਿਰੁੱਧ ਰਾਏ ਰੱਖਣ ਵਾਲੇ ਭਾਈ ਵਿਸ਼ਯ ਸਬੰਧੀ ਨਾਚ ਦੇ ਪ੍ਰਮਾਣਾਂ ਨਾਲ ਹੀ ਨ੍ਰਿਤਕਾਰੀ ਦਾ ਖੰਡਣ ਕਰਨ ਦੀ ਕੋਸ਼ਿਸ ਕੀਤਾ ਕਰਦੇ ਹਨ ਪਰ ਦਰ ਅਸਲ ਏਨ੍ਹਾਂ ਪ੍ਰਮਾਣਾਂ ਦਾ ਅਸਰ ਭੰਡਾਂ, ਕੰਜਰਾਂ, ਰਾਸਧਾਰੀਆਂ ਅਤੇ ਹੋਰ ਅਜਿਹੇ ਲੋਕਾਂ ਤੇ ਪੈਂਦਾ ਹੈ, ਜਿਨ੍ਹਾਂ ਦੇ ਨਾਚ ਦਾ ਮਨੋਰਥ ਲਾਲਚ ਅਥਵਾ ਵਿਸ਼ਯ ਰਸਾਂ ਦਾ ਬਿਲਾਸ ਪ੍ਰਾਪਤ ਕਰਨਾ ਹੈ।

ਤੀਸਰਾ ਨਾਚ ਜੋ ਗੁਰੂ ਗ੍ਰੰਥ ਸਾਹਿਬ ਵਿਚੋਂ ਮਿਲਦਾ ਹੈ, ਓਹ ਪ੍ਰੇਮ ਵਿਸ਼ਯਕ ਯਾ ਭਗਤੀ ਸਬੰਧੀ ਨਾਚ ਹੈ। ਨਾਮਧਾਰੀ ਲੋਕ ਇਸ ਦੇ ਕਾਇਲ ਹਨ ਅਤੇ ਗੁਰੂ ਜਨਾਂ ਦੇ ਵਾਕ ਤੇ ਓਨਾਂ ਭਗਤਾਂ ਦੇ ਚਰਿਤ੍ਰ ਇਸ ਦੀ ਪੁਸ਼ਟੀ ਕਰਦੇ ਹਨ, ਜਿਨ੍ਹਾਂ ਦੀ ਬਾਣੀ ਗੁਰੂ ਗਰੰਥ ਸਾਹਿਬ ਵਿਚ ਸਤਕਾਰ ਨਾਲ ਦਰਜ ਕੀਤੀ ਗਈ ਹੈ। ਗੁਰੂ ਜੀ ਕਹਿੰਦੇ ਹਨ:- "ਨਾਚ ਰੇ ਮਨ ਗੁਰ ਕੈ ਆਗੇ। ਗੁਰ ਕੇ ਭਾਣੈ ਚਾਚਹਿ ਤਾ ਸੁਖ ਪਾਵਹਿ ਅੰਤੇ ਜਮ ਭਉ ਭਾਗੈ।" (ਗੂਜਰੀ ਮਹਲਾ ੩) ਏਸੇ ਹੀ ਸ਼ਬਦ ਦੇ ਅੰਤ ਵਿਚ ਕਿਹਾ ਹੈ ਕਿ ਹੇ ਸੱਚੇ ਪਾਤਸ਼ਾਹ ! ਤੇਰੇ ਪ੍ਰੇਮ ਵਿਚ ਓਹੀ ਨਚਦੇ ਹਨ ਜੋ ਆਪ ਨੂੰ ਭਾਵਦੇ ਹਨ ਅਤੇ ਤੈਨੂੰ ਉਹ ਭਾਵਦੇ ਹਨ, ਜੋ ਗੁਰੂ ਮੁਖ ਦੁਆਰਾ ਉਪਦੇਸ਼ ਸੁਣ ਕੇ ਉਸਦਾ ਵਿਚਾਰ ਕਰਦੇ ਹੈਨ। ਉਨਾਂ ਉਥੇ ਹੀ ਆਪ ਦੀ ਕਿਰਪਾ ਦ੍ਰਿਸ਼ਟੀ ਹੁੰਦੀ ਹੈ ਅਤੇ ਓਹਨਾਂ ਨੂੰ ਹੀ ਸਹਿਜ ਸੁਖ ਭਾਵ ਸੰਪੂਰਣ ਸ਼ਾਂਤੀ ਪ੍ਰਾਪਤ ਹੁੰਦੀ ਹੈ:- "ਸੇਈ ਨਾਚਹਿ ਜੋ ਤੁਧੁ ਭਾਵਹਿ ਜੇ ਗੁਰਮੁਖਿ ਸਬਦ ਵੀਚਾਰੀ। ਕਹੁ ਨਾਨਕ ਸੇ ਸਹਿਜ ਸੁਖ ਪਵਹਿ ਜਿਨ ਕਉ ਨਦਰਿ ਤੁਮਾਰੀ।"

ਆਸਾ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਉਚਾਰਨ ਕਰਦੇ ਹਨ ਕਿ -"ਉਦਮ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪਿ ਨਿਵਾਰੇ। ਪੰਚਾ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥੧॥ ਤੇਰਾ ਜਨੁ ਨਿਰਤਿ ਕਰੇ ਗੁਨ ਗਾਵੈ। ਰਬਾਬੁ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਬਜਾਵੈ॥੧॥ ਰਹਾਉ॥ ਪ੍ਰਥਮੇ ਮਨੁ ਪ੍ਰਬੋਧੇ ਅਪਨਾ ਪਾਛੈ ਅਵਰ ਰੀਝਾਵੈ॥ ਰਾਮ ਨਾਮ ਜਪੁ ਹਿਰਦੈ ਜਾਪੈ ਮੁਖ ਤੇ ਸਗਲ ਸੁਨਾਵੈ॥੨॥ਕਰ ਸੰਗ ਸਾਧੂ ਚਰਨ ਪਖਾਰੈ ਸੰਤ ਧੂਰਿ ਤਨਿ ਲਾਵੈ। ਮਨੁ ਤਨੁ ਅਰਪ ਧਰੈ ਗੁਰ ਆਗੈ ਸਤਿ ਪਦਾਰਥ ਪਾਵੈ। ਜੋ ਜੋ ਸੁਣੈ ਪੇਖੈ ਲਾਇ ਸਰਧਾ ਤਾਕਾ ਜਨਮ ਮਰਨ ਦੁਖੁ ਭਾਗੈ॥ **ਐਸੀ ਨਿਰਤ ਨਰਕ ਨਿਵਾਰੈ** ਨਾਨਕ ਗੁਰਮੁਖਿ ਜਾਗੈ। (ਆਸਾ ਮ: ੫)

ਸੋ ਭਗਤੀ ਸੰਬਧੀ ਨਿਤ ਨਿਵਾਰਕ ਨ੍ਰਿਤ ਹੈ। ਭਗਤ ਕਬੀਰ ਜੀ ਆਪਣੀ ਬਹੂ (ਪੁਤ੍ਰ ਦੀ ਵਹੁਟੀ) ਨੂੰ ਸਮਝਾਂਦੇ ਹਨ ਕਿ- "ਤੇਰਾ ਘੁੰਡ ਤਾਂ ਸੱਚਾ ਹੈ, ਜੇ ਹਰੀ ਗੁਣ ਗਾਇਨ ਕਰਦੀ ਹੋਈਂ ਨਚੇਂ। 'ਘੂੰਘਟ ਤੇਰਾ ਤਉ ਪਰ ਸਾਚੈ। ਹਰਿ ਗੁਣ ਗਾਇ ਕੂਦੈ ਅਰ ਨਾਚੈ।' (ਗਉੜੀ ਕਬੀਰ ਜੀ) ਤਾਂ ਤੇ ਨਾਮਧਾਰੀਆਂ ਦਾ ਨਾਚ, ਜਿਸਦਾ, ਜਿਸਦਾ ਮਨੋਰਥ ਦੁਨਿਆਵੀ ਨਹੀਂ, ਭਗਤੀ ਰਸ ਦੇ ਪ੍ਰੇਮ ਦਾ ਨਤੀਜਾ ਹੈ ਅਤੇ ਏਹ ਗੁਰਮਤ ਦੇ ਅਨੁਕੂਲ ਹੈ। ਏਹ ਗਲ ਵਖਰੀ ਹੈ ਕਿ ਸਾਡੀ ਰਿਵਾਜ਼ੀ ਗੁਰ ਮਤ ਕੁਛ ਹੋਰ ਹੋਵੇ, ਪਰ ਅਸਲੀ ਗੁਰਮਤ ਓਹੀ ਹੈ ਜੋ ਗੁਰਬਾਣੀ ਦੀ ਕੱਸਵਟੀ ਤੇ ਪੂਰੀ ਉਤਰਦੀ ਹੈ। ਲੇਖ ਬਹੁਤ ਹੁੰਦਾ ਗਿਆ ਹੈ। ਇਸ ਲਈ ਹੁਣ ਇਸ ਵਿਸ਼ਯ ਵਿਚ ਇਕ ਗਿਆਨੀ ਸਿੱਖ ਦੀ ਰਾਏ ਦਾ ਹਵਾਲਾ ਦੇ ਕੈ ਮੈਂ ਪਾਠਕਾਂ ਤੋਂ ਅਤੇ ਸਤਿਜੁਗ ਦੇ ਸੰਪਾਦਕ ਜੀ ਤੋਂ ਖਿਮਾ ਮੰਗਾਂਗਾ। ਹੇਠ ਲਿਖਿਆ ਲੇਖ ਸ੍ਰੀ ਨਨਕਾਣੇ ਸਾਹਿਬ ਦੇ ਵਰਤਮਾਨ ਪ੍ਰਬੰਧ ਹੇਠ ਨਿਕਲਨ ਵਾਲੇ ਮਾਸਕ ਪੱਤ੍ਰ 'ਗੁਰੂ ਨਾਨਕ ਦਰਸ਼ਨ" ੧੧-੧-੧੯੩੫ ਦੇ ਪੰਨੇ ੪੪-੪੫-੪੬ ਵਿਚ ਪ੍ਰਕਾਸ਼ਿਤ ਹੋਯਾ ਸੀ। ਲੇਖ ਦਾ ਅਨਵਾਨ ਹੈ 'ਅੰਤਰ ਆਤਮੇ ਦਰਸ਼ਨ ਯਾ ਸੂਖਮ ਦਰਸ਼ਨ'(Subtle Seeing) -"ਮਨੁਖੀ-ਦਿਮਾਗ਼ ਅਰ ਬੁਧੀ ਨੂੰ ਸਥੂਲ ਮੰਡਲ ਦੇ ਚੁਕ ਤੋਂ ਚੁਕ (Lift) ਦੇ ਕੇ ਮਹਾਨ ਸੂਖਮ ਮੰਡਲਾਂ ਤੱਕ ਪੁਚਾਣ ਵਾਲਾ ਪਦਾਰਥ ਆਤਮਾ ਤੇ ਗਿਆਨ ਗੁਰਬਾਣੀ ਦੀ ਬੂਝ ਵਿਚਾਰ, ਖੋਜ ਨਾਮ ਸਿਮਰਨ, ਨਾਮ ਅਭਿਆਸ ਅਰ 'ਕਾਂਖੀ ਏਕੈ ਦਰਸ ਤੁਹਾਰੇ।' ਦਾ ਹੀ ਗੁਣ ਹੈ। ਇਸ ਦੇ ਟਾਕਰੇ ਤੇ ਸ਼੍ਰਿਸਟੀ ਭਰ ਦੇ ਸਭ ਪਦਾਰਥ ਅਰ ਸਾਧਨ ਕਮਜੋਰ, ਨਿਰਬਲ ਤੇ ਤੁੱਛ ਹਨ। ਜਦ ਤੁਸੀਂ ਕਿਸੇ ਮਹਾਂਪੁਰਖ, ਗੁਰਮੁਖ ਅਰ ਧਰਮੀ ਜੀਉੜੇ ਦੇ ਸਰੀਰ, ਅਤੇ ਚਿਹਰੇ ਦੇ ਦਰਸ਼ਨ ਕਰਦੇ ਹੋ ਤਾਂ ਆਪ ਨੂੰ ਠੰਢ ਪੈਂਦੀ ਹੈ, ਜੀ ਸੁਖੀ ਹੁੰਦਾ ਹੈ, ਪ੍ਰਤੂੰ ਉਹ ਦਰਸ਼ਨ ਸਥੂਲ ਦਰਸ਼ਨ ਹੈ। ਸਥੂਲ ਦਰਸ਼ਨ ਦਾ ਅਨੰਦ ਅਰ ਸੁਖ

ਥੋੜ੍ਹੇ ਸਮੇਂ ਲਈ ਹੁੰਦਾ ਹੈ। ਪ੍ਰਤੂੰ ਜੇਕਰ ਆਪ ਅੰਤਰ ਆਤਮੇ ਸੂਖਮ ਦਰਸ਼ਨ (Subtle Mind) ਦੀ ਜਾਣ ਸਿਖ ਲਓ, ਇਹ ਬਿਧੀ ਅਰ ਸਾਧਨ ਜੋ ਮਹਾਂਪੁਰਖਾਂ ਦੇ ਸੀਨੇ ਗੁਪਤ (Mystic) ਰਾਜ ਹਨ, ਪ੍ਰਾਪਤ ਕਰਕੇ ਉਹਨਾਂ ਉਤੇ ਅਭਿਆਸ ਕਰਨਾ ਅਰੰਭ ਦਿਓ ਤਾਂ ਅਸੀਂ ਸੱਚੇ ਦਿਲ ਨਾਲ ਆਪ ਨੂੰ ਯਕੀਨ ਤੇ ਨਿਸ਼ਚਾ ਕਰ ਸਕਦੇ ਹਾਂ ਕਿ ਸੂਖਮ ਦਰਸ਼ਨਾਂ ਦੇ ਇਕ ਝਲਕਾਰੇ ਪਲਕੁ ਭੋਰਾਕੁ ਮਾਤ੍ਰ ਦੇ ਹੁਲਾਰੇ ਦਾ ਰਸ ਮਾਣ ਕੇ ਵੀ ਆਪ ਤੜਫ ਉਠੋਗੇ ਗਿੱਧੇ ਪਾਣ, ਅਰ ਨੱਚਣ ਨੂੰ ਆਪ ਦਾ ਦਿਲ ਕਰ ਕਰ ਆਵੇਗਾ।ਚਾਉ ਭਰੀਆਂ ਉਮੰਗਾਂ ਨਾਲ ਆਪ ਕਪੜੇ ਪਾੜ ਪਾੜ ਸੁਟੋਗੇ। ਸੰਸਾਰ ਭਰ ਦੇ ਸਭ ਰਸ ਕਸ ਸਚੀ ਮੁੱਚੀਂ ਆਪ ਨੂੰ ਫਿਕੇ, ਕੂੜੇ ਹੇਚ ਅਰ ਤੁਛ ਭਾਸਣ ਲਗ ਪੈਣਗੇ। ਸੂਖਮ ਦੀਦਾਰ ਦਾ ਅਨੰਦ ਏਡਾ ਪ੍ਰਬਲ ਹੈ ਤੇ ਗੁਟ ਕਰਨ ਵਾਲਾ ਹੈ ਮਸਤਾਨੀ ਮਸਤੀ ਹੈ, ਇਸ ਦੀ ਖ਼ੁਮਾਰੀ ਚੜ੍ਹਦਿਆਂ ਸਾਰ ਸੁਧ ਬੁਧ ਭੁਲ ਜਾਂਦੀ ਹੈ। ਓਸੇ ਪਲ ਛਿਨ ਛਿਨ ਵਿਸਮਾਦ ਪੀਂਘਾਂ ਦੇ ਝੂਟੇ ਤੇ ਅਗਮੀ ਹੁਲਾਰੇ ਵਜਦੇ ਹਨ। ਸੱਜਣੋਂ ! ਗ਼ਜ਼ਬ ਦਾ ਸਰੂਰ ਤੇ ਰੰਗ ਚੋਹ ਚੋਹ ਡੁੱਲ੍ਹ ਡੁੱਲ੍ਹ ਪੈਂਦਾ ਜੇ। ਕੀ ਦਸੀਏ ਤੇ ਕੀ ਨਾ ਦਸੀਏ। ਏ ਅਗਾਧ ਕਥਾ ਕਮਲ ਵਰਨਨ ਕਰਦੀ ਕਰਦੀ ਥੱਕ ਕੇ ਟੁੱਟ ਜਾਂਦੀ ਹੈ, ਚੂਰ ਹੋ ਕੇ ਢਹਿ ਪੈਂਦੀ ਹੈ ਤੇ- "ਕਹਿ ਕਬੀਰ ਗੁੰਗੇ ਗੁੜ ਖਾਇਆ ਪੂਛੇ ਤੇ ਕਿਆ ਕਹੀਐ॥" ਵਾਲੀ ਤੁਕ ਦਾ ਸਹਾਰਾ ਲੈਣਾ ਪੈਂਦਾ ਏ। ਏਸ ਝਲਕਾਰੇ ਨਾਲ ਗੁਰਸਿੱਖ ਦੀ ਕੀ ਦਸ਼ਾ ਹੋ ਜਾਂਦੀ ਹੈ, ਉਸ ਦਾ ਸੰਖੇਪ ਵਰਨਨ ਭਾਈ ਗੁਰਦਾਸ ਜੀ ਦੇ ਹੇਠਲੇ ਵਾਕਾਂ ਵਿਚ ਹੈ- "ਚਾਹਿ ਚਾਹਿ ਚੰਦ੍ਰ ਮੁਖ ਚਾਇਕੇ ਚਕੋਰ ਚਖ ਅੰਮ੍ਰਿਤ ਕਿਰਨ ਅਚਵਨ ਨਾ ਅਘਾਨੇ ਹੈ। ਸੁਨਿ ਸੁਨਿ ਅਨਹਦ ਸ਼ਬਦ ਸ੍ਰਵਨ ਮ੍ਰਿਗ ਆਨੰਦ ਉਦੋਤ ਕਰਿ ਸ਼ਾਂਤ ਨਾ ਸਮਾਨੇ ਹੈ। ਰਸਕ ਰਸਾਲ ਜਸ ਜੰਪਤ ਬਾਸਰ ਨਿਸ, ਚਾਤ੍ਰਿਕ ਜੁਗਤ ਜਿਹਬਾਂ ਨ ਤ੍ਰਿਪਤਾਨੇ ਹੈ। ਦੇਖਤ ਸੁਨਤ ਅਰ ਗਾਵਤ ਪਾਵਤ ਸੁਖ ਪ੍ਰੇਮ ਰਸ ਬਸ ਮਨ ਮਗਨ ਹਿਰਾਨੇ ਹੈ ਸਲਿਲ ਨਿਵਾਸ ਜੈਸੇ ਮੀਨ ਕੀ ਨ ਘਟੈ ਰੁਚਿ ਦੀਪਕ, ਪ੍ਰਗਾਸੇ ਘਟੈ ਪ੍ਰੀਤ ਨਾ ਪਤੰਗ ਕੀ। ਕੁਸਮ ਸੁਬਾਸ ਜੈਸੇ ਤ੍ਰਿਪਤ ਨ ਮਧੁਪ ਕਉ ਉਡਤ ਅਕਾਸ ਆਸ ਘਟੈ ਨ ਬਿਹੰਗ ਕੀ। ਘਟਾ ਘਨਘੋਰ ਚਾਤ੍ਰਿਕ ਰਿਦੈ ਉਲਾਸ ਨਾਦ ਬਾਦ ਸੁਨਿ ਰਤਿ ਘਟੈ ਨਾ ਕੁਰੰਗ ਕੀ। ਤੈਸੇ ਪ੍ਰੀਅ ਪ੍ਰੇਮ ਰਸ ਰਸਕ ਰਸਾਲ ਸੰਤ ਘਟਤ ਨਾ ਤ੍ਰਿਸਨਾਂ ਪ੍ਰਬਲ ਅੰਗ ਅੰਗ ਕੀ।"

ਗੁਰੂ ਨਾਨਕ ਦਰਸ਼ਨ ਸ੍ਰੀ ਨਨਕਾਣ ਸਾਹਿਬ ਦੇ ਏਸ ਲੇਖ ਨੂੰ ਜੇ ਨਾਮਧਾਰੀ ਸੂਤਰ ਦਾ ਵਿਕਾਸ਼ ਕਹਿ ਦਿੱਤਾ ਜਾਏ, ਤਾਂ ਬਿਲਕੁਲ ਠੀਕ ਹੈ। ਇਸ ਵਿਚ ਲਗਭਗ ਸੂਤਰ ਦੇ ਸਾਰੇ ਅੰਗਾਂ ਦਾ ਸੰਖੇਪ ਪਰ ਨਿਹਾਇਤ ਹੀ ਹੀ ਖ਼ੂਬ ਸੂਰਤ ਫੋਟੋ ਹੈ।

## ਮਸਤੀ

ਭਾਵੇਂ ਮਾਈਕ ਤੇ ਈਸ਼ਵਰੀ ਭੇਦ ਕਰਕੇ 'ਮਸਤੀ ਦੋ ਪ੍ਰਕਾਰ ਦੀ ਹੈ। ਪ੍ਰਤੂੰ ਸਾਡੇ ਇਸ ਲੇਖ ਦਾ ਸਬੰਧ ਈਸ਼ਵਰੀ ਮਸਤੀ ਨਾਲ ਹੈ। ਹੋਰ ਅਜਿਹਾ ਪੁਰਸ਼ ਜੋ ਈਸ਼ਵਰੀ ਮਾਰਗ ਵਿਖੇ ਪ੍ਰਵਿਰਤ ਹੈ, ਮਸਤੀ ਦੇ ਗੂੜ੍ਹ ਰਹੱਸਯਾ ਤੋਂ ਅਨਜਾਣ ਨਹੀਂ ਹੋ ਸਕਦਾ। ਇਸਲਾਮ ਵਿਚ 'ਮਸਤੀ' ਲਈ ਹਰ ਸਰੂਰ ਅਥਵਾ ਵਜਦ ਆਦਿ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਨਾਮਧਾਰੀ ਮੰਕੇਤਕ ਭਾਸ਼ਾ ਵਿਚ ਏਸਦਾ ਨਾਉਂ "ਸੂਤ੍ਰ" ਕਰਕੇ ਪ੍ਰਸਿੱਧ ਹੈ, ਕਿਉਂਕਿ ਨਾਮਧਾਰੀ ਪੰਥ ਨਾਲ ਆਮ ਸਿੱਖਾਂ ਦਾ ਸਬੰਧ ਹੋਣ ਦੇ ਕਾਰਨ ਸਿੱਖਾਂ ਦੀ ਹਰ ਇਕ ਸੰਪ੍ਰਦਾਇ ਸੂਤ੍ਰ ਦੇ ਅਰਥਾਂ ਥੀਂ ਭਲੀ ਪ੍ਰਕਾਰ ਜਾਣੂੰ ਹੈ। ਏਸ ਲਈ ਅਸੀਂ ਆਪਣੇ ਲੇਖ ਦੇ ਅੰਤਰਗਤ ਮਸਤੀ ਦੀ ਥਾਉਂ ਸੂਤ੍ਰ ਸ਼ਬਦ ਦਾ ਪ੍ਰਯੋਗ ਕਰਾਂਗੇ।

ਕਈ ਸਾਧਾਰਨ ਬੁਧੀ ਦੇ ਮਨੁਖ ਜੋ ਸੂਤਰ ਦੀ ਅਲਸਲੀਯਤ ਤੋਂ ਨਾਵਾਕਫ ਹਨ। ਕਿਸੇ ਸੂਤ੍ਰੀ ਪੁਰਸ਼ ਨੂੰ ਵੇਖ ਕੇ ਹਾਸੀ ਅਤੇ ਨਿੰਦਾ ਕੀਤਾ ਕਰਦੇ ਹਨ। ਪ੍ਰਤੂੰ ਜਿਵੇਂ ਡੱਡੂ ਕਮਲ ਦੀ ਸਾਰ ਨਹੀਂ ਜਾਣਦਾ, ਘੁਮਯਾਰ ਸੋਨੇ ਅਤੇ ਹੀਰੇ ਮੋਤੀਆਂ ਦੀ ਕੀਮਤ ਨਹੀਂ ਪਾ ਸਕਦਾ। ਏਸੇ ਤਰ੍ਹਾਂ ਇਕ ਨਿਗੁਰਾ ਅਤੇ ਨਾਮ ਬਹੀਨ ਜੀਵ ਸੂਤ੍ਰ ਦੀ ਮਹਾਨ ਅਤੇ ਉੱਚ ਪਦਵੀ ਨੂੰ ਸਮਝਣ ਤੋਂ ਅਸਮ੍ਰਥ ਹੈ, ਏਸੇ ਲਈ ਗੁਰੂ ਜੀ ਨੇ ਉਚਾਰਣ ਕੀਤਾ ਹੈ ਕਿ 'ਅੰਧੇ ਅਕਲੀ ਬਾਹਿਰੇ ਕਿਆ ਤਿਨ ਸਿਉ ਕਹੀਐ। ਬਿਨ ਗੁਰ ਪੰਥ ਨ ਬੂਝਈ ਮਿਤੁ ਬਿਧ ਨਿਰਬਹੀਐ'। ਅਰਥਾਤ ਜੋ ਪੁਰਸ਼ ਬੁੱਧੀ ਰੂਪ ਨੇਤ੍ਰਾਂ ਤੋਂ ਵਹੀਨ ਹਨ ਉਨ੍ਹਾ ਉੱਤੇ ਅਫਸੋਸ ਕੇਹੜੀ ਗਲ ਦਾ ਕੀਤਾ ਜਾਏ? ਕਿਉਂਕਿ ਜੇ ਉਹ ਗੁਰੂ ਰੂਪੀ ਵੈਦ ਦੀ ਸੇਵਾ ਵਿਚ ਪੁੱਜ ਕੇ ਗਿਆਨ ਰੂਪੀ

ਨੇਤ੍ਰ ਪ੍ਰਾਪਤ ਕਰਨ ਦੇ ਪਸਚਾਤ ਸੁਜਾਖੇ ਹੋਣ ਦੀ ਦਸ਼ਾ ਵਿਚ ਨਿੰਦਾ ਅਥਵਾ ਹਾਸੀ ਕਰਨ, ਫੇਰ ਤਾਂ ਉਨ੍ਹਾਂ ਤੇ ਅਫਸੋਸ ਕਰਨਾ ਵੀ ਵਾਜਬ ਹੋ ਸਕਦੀ ਹੈ। ਮਨਸੂਰ ਨੇ ਸਾਰੇ ਸ਼ਹਿਰ ਦੀ ਪੱਥਰ ਵਰਖਾ ਨਾਲ ਜ਼ਖਮੀ ਅਤੇ ਲਹੂ ਲੁਹਾਨ ਹੋਣ ਦੀ ਹਾਲਤ ਵਿਚ ਇਕ ਅੱਥਰੂ ਨਹੀਂ ਕੇਰੀ, ਪ੍ਰਤੂੰ ਜਦ ਸਿਬਲੀ ਆਲਿਮ ਨੇ ਪੰਜ ਫੁਲ ਉਸ ਵੱਲ ਹੌਲੀ ਜੇਹੀ ਸੁਟੇ ਤਾਂ ਉਹ ਧਾਹੀਂ ਮਾਰ ਕੇ ਜ਼ਾਰ ਜ਼ਾਰ ਰੁੰਨਾ। ਸਿਬਲੀ ਦੇ ਏਹ ਪ੍ਰਸ਼ਨ ਤੇ ਕਿ 'ਯਾਰ' ਸਾਰੇ ਸ਼ਹਿਰਾਂ ਦੇ ਲੋਕਾਂ ਨੇ ਜਦ ਤੈਨੂੰ ਪੱਥਰ ਮਾਰ ਕੇ ਮਾਰ ਢਾਡਾ ਫੱਟੜ ਕੀਤਾ ਸੀ, ਤੂੰ "ਸੀ" ਤੱਕ ਨ ਕੀਤੀ। ਪ੍ਰਤੂੰ ਮੇਰੇ ਫੁੱਲ ਜੋ ਮੈਂ ਡਰਦੇ ਡਰਦੇ ਨੇ ਤੇਰੇ ਵਲ ਨਿੰਮੀਂ ਜੇਹੀ ਰਫਤਾਰ ਵਿਚ ਸੁੱਟੇ, ਤੂੰ ਧਾਂਹੀ ਮਾਰ ਕੇ ਰੋਣ ਲਗ ਪਿਆ ਹੈ। ਮਨਸੂਰ ਨੇ ਉੱਤਰ ਦਿੱਤਾ ਕਿ ਸਹਿਤ ਦੇ ਆਮ ਲੋਕਾਂ ਤੇ ਜਿਨ੍ਹਾਂ ਨੇ ਮੇਰੇ ਸਰੀਰ ਨੂੰ ਜ਼ਖਮੀਂ ਕੀਤਾ, ਮੈਂਨੂੰ ਇਸ ਲਈ ਕੋਈ ਗਿਲਾ ਨਹੀਂ ਕਿ ਉਹ ਮੇਰੀ ਮਸਤੀ ਦੀ ਅਸਲੀਯਤ ਤੋਂ ਅਗਯਾਤ ਸਨ, ਪਰ ਤੇਰੇ ਪੰਜ ਫੁਲਾਂ ਨੇ ਮੇਰੇ ਆਤਮਾ ਨੂੰ ਜ਼ਖਮੀ ਕਰ ਦਿੱਤਾ ਏ ਅਤੇ ਉਹ ਇਸ ਲਈ ਕਿ ਤੈਨੂੰ ਮੁਸ਼ਰਦ ਕੋਲੋਂ ਅਜੇਹੀਆਂ ਅੱਖਾਂ ਪ੍ਰਾਪਤ ਹੋ ਚੁੱਕੀਆਂ ਹਨ, ਜਿਨਾਂ ਨਾਲ ਤੂੰ ਇਹ ਪਛਾਣ ਕਰ ਸਕਣ ਦੇ ਯੋਗ ਸੈਂ ਕਿ ਮਨਸੂਰ ਕੀ ਵਸਤੂ ਹੈ

ਸ਼੍ਰੀ ਮਾਨ ਦੀਵਾਨ ਨੰਦ ਲਾਲ ਜੀ ਦਾ ਫੁਰਮਾਨ ਹੈ:-
ਕਦਰੇ ਲਾਲੇ ਓ ਬਜੁਜ਼ ਆਸ਼ਿਕ ਨ ਦਾਨਿਦ ਹੇਚ ਕਸ!
ਕੀਮਤੇ ਯਾਕੂਤ ਦਾਨਦ ਚਸ਼ਮਿ ਗੌਹਰ ਬਾਰਿ ਮਾ!

ਇਕ ਹੋਰ ਉਰਦੂ ਦਾ ਸ਼ਾਇਰ ਇਸ ਦੀ ਪੁਸ਼ਟੀ ਵਿਚ ਇਉਂ ਕਹਿੰਦਾ ਹੈ ਕਿ:-
ਕਦਰਿ ਜ਼ਰ ਜ਼ਰਗਰ ਬਦਾਨਦ ਕਦਰਿ ਜੌਹਿਰ ਜੌਹਰੀ!
ਖਦਰਿ ਗੁਲ ਬੁਲ ਬੁਲ ਸ਼ਿਨਾਸਦ ਕਦਰਿ ਕੰਬਰ ਰਾ ਅਲੀ!

ਹੀਰ ਨੂੰ ਜਦ ਕਾਜ਼ੀ ਨੇ ਖੇੜੇ ਨਾਲ ਨਿਕਾਹ ਕਰਨ ਲਈ ਰਾਣਿਆਂ ਤਾਂ ਉਸ ਨੇ ਜੋ ਉਤ੍ਰ ਦਿੱਤਾ ਉਸ ਨਾਲ ਵੀ ਪੂਰਵ ਉਕਤ ਸਿਧਾਂਤ ਦੀ ਪ੍ਰਢਤਾ ਹੁੰਦੀ ਹੈ ਵਾਰਸ ਜੀ ਲਿਖਦੇ ਹਨ:-

ਪਵੇ ਕਹਿਰ ਖੁਦਾ ਦਾ ਝੂਠਿਆਂ ਨੂੰ,
ਲਾਅਨਤ ਰੱਬ ਦੀ ਹੈ ਕਾਜ਼ਿ ਬੀਨ ਕਾਜ਼ੀ!
ਮੂਹੋਂ ਬੋਲ ਅਵਲੜੇ ਬੋਲਦਾ ਏਂ
ਵੇ ਤੂ ਰੱਦ ਹੋਵੇਂ ਮੁਸ਼ਰਿ ਕੀਨ ਕਾਜ਼ੀ!
ਕਦਰ ਇਸ਼ਕ ਦੀ ਆਸ਼ਿਕਾਂ ਸਾਧਿਕਾਂ ਨੂੰ
ਝੱਖ ਮਾਰਦੇ ਨੀ ਜਾਹਿ ਲੀਨ ਕਾਜ਼ੀ!
ਸੱਚ ਆਖਣੇ ਤੋਂ ਆਸ਼ਿਕ ਨਹੀਂ ਮੁੜਦੇ
ਕੌਲ ਇਨ ਕੁੰਤਮ ਸੁਆਦਿ ਕੀਨ ਕਾਜ਼ੀ!

ਅਰਥਾਤ ਹੇ ਕਾਜ਼ੀ ! ਪ੍ਰੇਮ ਦੀ ਕਦਰ ਤਾਂ ਪ੍ਰੇਮੀਆਂ ਨੂੰ ਹੈ ਅਤੇ ਜੋ ਜਾਹਲ ਭਾਵ ਮੂਰਖ ਹਨ, ਉਨ੍ਹਾਂ ਨੇ ਤਾਂ ਝੱਖਾਂ ਹੀ ਮਾਰਨੀਆਂ ਹਨ।

ਸ੍ਰੀ ਕਬੀਰ ਜੀ ਉਚਾਰਨ ਕਰਦੇ ਹਨ ਕਿ "ਅਬੈ ਨ ਮਾਤਾ ਸੋ ਕਬਹੁ ਮਾਤਾ' ਅਰਥਾਤ ਹੁਣ ਮਨੁੱਖ ਜਨਮ ਵਿਚ ਜੋ ਜੀਵ ਮਸਤ ਨਹੀਂ ਹੋਇਆ, ਉਸ ਨੂੰ ਫੇਰ ਕਦੇ ਵੀ ਇਹ ਸਮਾਂ ਪ੍ਰਾਪਤ ਨਹੀਂ ਹੋ ਸਕਦਾ ਕਿਉਂਕਿ ਫੇਰ "ਫਾਟੈ ਨਾਕਨ ਟੂਟੈ ਕਾਂਧਨ" ਵਾਲੀ ਦਸ਼ਾ ਵਿੱਚ ਨਾਮ ਦੀ ਰੰਗਤ ਕਿੱਥੋਂ ਤੇ ਕਿਵੇਂ ਪ੍ਰਾਪਤ ਹੋ ਸਕਦੀ ਹੈ? ਏਸ ਲਈ ਕਬੀਰ ਜੀ ਕਹਿੰਦੇ ਹਨ-"ਕਹਿ ਕਬੀਰ ਰਾਮੈ ਰੰਗ ਰਾਤਾ" ਅਰਥਾਤ ਇਸ ਮਨੁੱਖ ਨੂੰ ਦੁਰਲੱਭ ਸਮਝਕੇ ਮੈਂ ਨਾਮ ਦੀ ਰੰਗਤ ਅਥਵਾ ਮਸਤੀ ਵਿਚ ਮਸਤ ਹੋਇਆ ਹਾਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਆਪ ਨੂੰ "ਮਸਤਾਨਾ' ਅਤੇ 'ਦਿਵਾਨਾ ਮੰਨਦਿਆਂ ਹੋਇਆਂ ਉਚਾਰਣ ਕੀਤਾ ਹੈ ਕਿ :-

ਸਗ ਨਾਨਕ ਦੀਬਾਨ ਮਸਤਾਨਾ ਨਿਤ ਚੜੈ ਸਵਾਇਆ
{ਮਹਲਾ ੧ ਵਾਰ ਮਲਾਰ ਕੀ ਸ: ੨੭}

ਕੋਈ ਆਖੈ ਭੂਤਨਾ ਕੋ ਕਹੈ ਬਿਤਾਲਾ
ਕੋਈ ਆਖੈ ਆਦਮੀਂ ਨਾਨਕ ਵੇਚਾਰਾ।

(ਪਰ ਮੈਂ) ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ।

{ਮਾਰੂ ਮਹਲਾ ੧}

ਕਈ ਲੋਕ ਕਿਹਾ ਕਰਦੇ ਸੀ ਕਿ ਭਾਈ ਜੀਹਦੇ ਕੰਨ ਵਿਚ ਕੂਕਿਆਂ ਦੀ ਫੂਕ ਵੱਜ ਜਾਂਦੀ ਹੈ, ਓਹਨੂੰ ਹੀ ਹਾਲ ਚੜ ਜਾਂਦਾ ਹੈ, ਉਨ੍ਹਾਂ ਨੂੰ ਯਾਦ ਰਹੇ ਕਿ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਕਈਆਂ ਨੇ ਪ੍ਰੀਖਿਆ ਕਰਨ ਅਰਥ ਪੁੱਛਿਆ ਸੀ, ਪਰ ਉਹ ਅਜੇਹੇ ਮਸਤਾਨੇ ਹੋ ਗਏ ਕਿ ਸਭ ਕਾਰ ਵਿਹਾਰ ਛੱਡ ਕੇ ਅਟੰਕ ਹੋ ਬੈਠੇ। ਰਾਜਾ ਨਰੇਂਦਰ ਸਿੰਘ ਵਾਲੀਏ ਪਟਿਆਲਾ ਸਟੇਟ ਨ ਆਪਣੇ ਦੀਵਾਨ ਸ੍ਰ: ਮੰਗਲ ਸਿੰਘ ਸ੍ਰੀ ਗੁਰੂ ਜੀ ਦੀ ਹਜੂਰੀ ਵਿਚ ਇਸ ਲਈ ਭੇਜਿਆ ਕਿ ਓਹ ਸਤਿਗੁਰੂ ਜੀ ਤੋਂ ਭਜਨ ਪੁੱਛ ਕੇ ਏਸ ਗਲ ਦਾ ਵੀ ਪ੍ਰੀਖਿਆ ਕਰੇਂ ਕਿ ਲੌਕਿਕ ਅਫਵਾਹ ਅਨੁਸਾਰ ਆਪ ਹੀ ਮੁਸਲਮਾਨੀ ਕਲਾਮ ਹੀ ਕੰਨ ਵਿਚ ਫੂਕਦੇ ਹਨ ਕਿ ਗੁਰੂ ਘਰ ਦਾ ਉਹ ਗੁਰਮੰਤ੍ਰ ਦਸਦੇ ਹਨ, ਜਿਸਦੀ ਬਾਬਤ ਕਾਨੜਾ ਰਾਗ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ "ਮਨਹਿ ਪ੍ਰਗਾਸ ਭਇਆ ਭ੍ਰਮ ਨਾਸਿਆ ਮੰਤ੍ਰ ਦੀਓ ਗੁਰ ਕਾਨ" ਦੀਵਾਨ ਜੀ ਨੇ ਜਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਤੋਂ ਭਜਨ ਪੁੱਛਿਆ ਤਾਂ ਅਜੇਹਾ ਮਸਤਾਨਾ ਹੋ ਗਿਆ ਕਿ ਰਾਜੇ ਕੋਲ ਵਾਪਸ ਜਾਣ ਦੀ ਸੁਰਤ ਹੀ ਭੁਲ ਗਈ ਜਿਸ ਵੇਲੇ ਰਾਜੇ ਨੇ ਉਸ ਨੂੰ ਸਦਿਆ ਤਾਂ ਉਸ ਨੇ ਉਤ੍ਰ ਭੇਜ ਦਿੱਤਾ ਕਿ ਮੈਂਨੂੰ ਹੁਣ ਕੂੜੀਆਂ ਨੌਕਰੀਆਂ ਦੀ ਲੋੜ ਨਹੀਂ ਰਹਿ ਗਈ। ਕਿਉਂਕਿ ਮੈਂ ਹੁਣ ਪਾਤਸ਼ਾਹ ਦੇ ਪਾਤਸ਼ਾਹਾਂ ਦਾ ਨੌਕਰ ਹੋ ਗਿਆ ਹਾਂ। ਗੁਰੂ ਪੰਚਮ ਜੀ ਨੇ ਠੀਕ ਕਿਹਾ ਹੈ ਕਿ:-

"ਟੂਟੇ ਬੰਧਨ ਜਾਸਕੇ ਹੋਇਆ ਸਾਧੂ ਸੰਗ।
ਜੋ ਰਾਤੇ ਰੰਗ ਏਕ ਕੇ ਨਾਨਕ ਗੂੜਾ ਰੰਗ॥ "

ਲੋਕ ਕਹਿੰਦੇ ਹਨ ਜਦ ਅਸੀਂ ਵੀ ਬਾਣੀ ਪੜਦੇ ਤੇ ਦੀਵਾਨ ਸੁਣਦੇ ਹਾਂ ਤਾਂ ਮਸਤਾਨੇ ਕਿਉਂ ਨਹੀਂ ਹੁੰਦੇ ? ਪ੍ਰਤੂੰ ਉਹਨਾਂ ਨੂੰ ਸੋਚਣਾਂ ਚਾਹੀਦਾ ਹੈ ਕਿ ਜੇਹੜੇ ਪੁਰਸ਼ ਸਾਰਾ ਦਿਨ ਦਫਤਰ ਵਿਚ ਕੰਮ ਕਰਦੇ ਰਹਿਣ, ਤ੍ਰਕਾਲੀ ਸੌਂ ਜਾਣ, ਅੱਠ ਵਜੇ ਦਿਨੇ ਉਠਣ ਤੇ ਉਹ ਮੂੰਹ ਧੋ ਕੇ ਜਪੁਜੀ ਸਾਹਿਬ ਦਾ ਇਕ ਪਾਠ ਕਰ ਲੈਣਾ, ਫੇਰ ਝੂਠ ਹੋਰਾਂ ਦੇ ਵੀ ਸਾਥੀ ਬਣੇ ਰਹਿਣ ਤੇ ਸ਼ਾਮ ਨੂੰ ਰਹਿਰਾਸ ਦਾ ਪਾਠ ਕਰਕੇ ਹੀ ਤਿੜੇ ਫਿਰਨ ਅਤੇ ਕਹਿਣ ਕਿ ਜੋ ਸੂਤ੍ਰ ਵਿਚ ਸਚ ਹੋਵੇ ਤਾਂ ਅਸੀਂ ਵੀ ਕਿਉਂ ਨਾ ਸੂਤ੍ਰੀਂ ਹੋ ਜਾਈਏ ? ਉਨ੍ਹਾਂ ਵਿਚਾਰਿਆਂ ਦੀ ਅਕਲ ਤੇ ਚਾਰ ਅੱਥਰੂ ਨਾ ਕੇਰੀਏ ਤਾਂ ਹੋਰ ਕੀ ਕੇਰੀਏ ?

ਏਥੇ ਤਾਂ ਸ਼ਰਤ ਹੈ "ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰ ਧਰ ਤਲੀ ਗਲੀ ਮੇਰੀ ਆਉ" ਏਸ ਮੰਨਜ਼ਲ ਦੇ ਪੁਜਣ ਵਾਲਿਆਂ ਲਈ ਨਿਯਮ ਹੈ, "ਲੋਕ ਕੁਟੰਬ ਸਬਹੂੰ ਤੇ ਤੋਰੈ" ਦਾ ਜਦ ਪ੍ਰੀਤਮ ਦੀਆਂ ਜ਼ੁਲਫਾਂ ਤਕ ਪੁਜਣ ਵਾਸਤੇ ਲਕੜੀ ਦੇ ਟੁਕੜੇ ਨੂੰ ਆਪਣਾ ਸਿਰ ਆਰੇ ਦੇ ਹੇਠਾਂ ਦੇਣਾ ਪੈਂਦਾ ਏ, ਸੁਰਮੇਂ ਨੂੰ ਆਪਣੇ ਪਿਆਰੇ ਦੇ ਨੇਤਰਾਂ ਵਿਚ ਨਿਵਾਸ ਕਰਨ ਅਰਥ ਆਪਣਾ ਵਜੂਦ ਪਥਰਾਂ ਦੀ ਰਗੜ ਦੇ ਸਪੁਰਦ ਕਰਨਾ ਪੈਂਦਾ ਹੈ, ਮੋਤੀ ਨੂੰ ਆਪਣੇ ਮਹਿਬੂਬ ਦੇ ਕੰਨਾਂ ਨੂੰ ਸਪਰਸ਼ ਕਰਨ ਅਰਥ ਆਪਣੇ ਕਾਲਜੇ ਵਿਚ ਛੇਕ ਕਰਾਣ ਦੀ ਲੋੜ ਪੈਂਦੀ ਹੈ, ਮੇਹੰਦੀ ਨੂੰ ਪੀਆ ਦੇ ਪੈਰ ਦੀ ਤਲੀ ਵਿਚ ਪੁਜਣ ਲਈ ਚੱਕੀ ਦੇ ਹਵਾਲੇ ਹੋਣਾ ਪੈਂਦਾ ਹੈ, ਠੂਠੀ ਨੂੰ ਆਪਣੇ ਮਸ਼ੂਕ ਦੇ ਲਬਾਂ ਤੱਕ ਪੁਜਣ ਵਾਸਤੇ ਅੱਗ ਦੀ ਆਵੀ ਵਿਚ ਸੜਨਾ ਪੈਂਦਾ ਹੈ, ਕਲਮ ਨੂੰ ਪਿਆਰੇ ਮੁਨਸ਼ੀ ਦੀਆਂ ਉਂਗਲਾਂ ਵਿਚ ਸੁਭਾਇਮਾਨ ਹੋਣ ਅਰਥ ਕਰਦ ਨਾਲ ਆਪਣਾ ਸਿਰ ਕਲਮ ਕਰਾਣਾ ਪੈਂਦਾ ਹੈ ਅਤੇ ਫੁਲ ਨੂੰ ਹਾਰ ਦੀ ਸ਼ਕਲ ਵਿਚ ਹੋ ਕੇ ਆਪਣੇ ਪ੍ਰੀਤਮ ਦੇ ਕੰਠ ਵਿਚ ਲਟਕਨ ਅਰਥ ਆਪਣੀ ਜਨਮ ਡਾਲੀ ਨਾਲੋਂ ਕਤਾਅਲਕ ਅਰਥਾਤ ਨਾ ਮਿਲਵਰਤਨ ਕਰਨਾ ਪੈਂਦਾ ਹੈ ਤਾਂ ਦੱਸੋਂ ਕਿ "ਸੂਤ੍ਰ" ਜੋ ਰੱਬ ਦੇ ਆਸ਼ਿਕਾਂ ਦੀ ਇਕ ਖਾਸ਼ ਮੰਜਿਲ ਹੈ, ਉਸ ਤੇ ਪੁਜਣ ਵਾਸਤੇ ਕਿਸੇ ਕੁਰਬਾਨੀ ਦੀ ਲੋੜ ਨਹੀਂ ? ਏਥੇ ਤਾਂ ਲੋਕਾਂ ਦੀ ਉਸਤਤ ਨਾਲ ਪ੍ਰਸੰਨਤਾ ਅਤੇ ਨਾਂ ਨਿੰਦਾ ਨਾਲ ਗਿਲਾਨੀ ਵਾਲਾ ਮੁਕਾਮ ਹੈ, ਯਥਾ ਗੁਰਵਾਕ ਹੈ "ਲੋਗਨ ਕੀ ਚਤੁਰਾਈ ਉਪਮਾ ਤੇ ਬੈਸੰਤਰ ਜਾਰ। ਕੋਈ ਭਲਾ ਕਹੋ ਭਾਵੇਂ ਬੁਰਾ ਕਹੋ ਤਨ ਦੀਓ ਹੈ ਢਾਰ" ਪੁਨਾਂ:- 'ਲੋਕਨ ਕੀ ਵਡਿਆਈਆ ਬੈਸੰਤਰ ਪਾਗਉ" ਪੁਨਾ 'ਪਤ ਅਪਤ ਤਾਕੀ ਨਹੀ ਲਾਜ' ਇਸ ਦੀ ਕੋਈ ਪਰਵਾਹ ਨਹੀਂ 'ਪਰਵਾਹ ਨਾਹੀ ਕਿਸੈ ਕੇਰੀ ਬਾਝ ਸਚੇ ਨਾਹ' ਗੁਰੂ ਦੀ ਦੁਨੀਆਂ ਦੇ ਕੂੜੇ ਅਮਲਾਂ ਨਾਲੋਂ ਨਾਮ ਦੇ ਅਮਲ ਦੀ ਵਧੀਕ ਸ਼ਲਾਘਾ ਕਰਦੇ ਹਨ ਯਥਾ 'ਦੁਰਮਤ ਮਦ ਜੋ ਪੀਵਤੇ ਬਿਖਲੀ ਪਤ ਕਮਲੀ। ਨਾਮ ਰਸਾਇਣ ਜੋ ਰਤੇ ਨਾਨਕ ਸੱਚ ਅਮਲੀ'। ਇਕ ਮਹਾਤਮਾ ਦਾ ਵਾਕ

ਹੈ ਕਿ "ਅੱਕ, ਧਤੂਰਾ, ਭੰਗ, ਸੁਰਾ ਅਰ ਚਰਸ ਆਦਿ ਵਸਤਾਂ ਦਾ ਅਮਲ ਛੇਤੀ ਦੂਰ ਹੋ ਜਾਂਦਾ ਹੈ, ਪ੍ਰਤੂੰ ਨਾਮ ਦੀ ਖੁਮਾਰੀ ਦਿਨ ਅਤੇ ਰਾਤ ਅਰਥਾਤ ਅਠੇ ਪਹਿਰ ਇਕ ਰਸ ਰਹਿੰਦੀ ਹੈ।

ਤਾਤ ਪ੍ਰੇਯ ਏਹ ਹੈ ਕਿ ਬੰਦਗੀ ਪ੍ਰਧਾਨ ਪੰਥਾਂ ਵਿਚ "ਸੂਤ੍ਰ" ਨੂੰ ਇਕ ਵਿਸ਼ੇਸ਼ ਪਦਵੀ ਪ੍ਰਾਪਤ ਹੈ ਤਾਂ ਤੇ ਗੁਰਮਤ ਵੀ ਇਕ ਭਗਤੀ ਦਾ ਪ੍ਰਧਾਨ ਪੰਥ ਹੋਣ ਦੇ ਕਾਰਨ ਇਸ ਦਾ ਨਿਸ਼ੇਧ ਨਹੀਂ ਕਰ ਸਕਦਾ। ਉਕਤ ਸਤ੍ਰਾਂ ਦੁਅਰਾ ਇਹ ਸਪਸ਼ਟ ਹੋ ਚੁਕਾ ਹੈ ਕਿ "ਸੂਤ੍ਰ' ਭਗਤੀ ਮਾਰਗ ਦੇ ਗੁਰਸਿਖਾਂ ਦੀ ਇਕ ਖਾਸ਼ ਨਿਸ਼ਾਨੀ ਹੈ ਅਤੇ ਇਸ ਦੀ ਅਸਲੀਅਤ ਨੂੰ ਜਾਨਣ ਵਾਸਤੇ ਗੁਰੂ ਦੇ ਚਰਨਾਂ ਵਿਚ ਪੁੱਜ ਕੇ ਗੁਰਮੰਤ੍ਰ ਅਭਿਆਸ ਦੀ ਲੋੜ ਹੈ, ਇਸ ਥੀਂ ਅਗੇ ਅਸੀਂ ਆਪਣੇ ਪਾਠਕਾਂ ਦੇ ਲਾਭ ਅਰਥ ਸੂਤ੍ਰ ਦੀ ਵੰਡ ਤੇ ਚਾਣਨਾਂ ਪੌਣਾਂ ਜ਼ਰੂਰੀ ਸਮਝਦੇ ਹਾਂ।

{ਸੂਤ੍ਰ ਦੀ ਵੰਡ}

ਜੇ ਗੁਰਬਾਣੀ ਦੀ ਵਿਚਾਰ ਪੂਰਵਕ ਖੋਜ ਕੀਤੀ ਜਾਏ ਤਾਂ ਸੂਤ੍ਰ ਪੰਜ ਪ੍ਰਕਾਰ ਦਾ ਕਿਹਾ ਜਾ ਸਕਦਾ ਹੈ (੧) ਹਾਸ ਜਨਕ (੨) ਰੌਦਨਿਕ (੩) ਅਸਚਰਜ ਜਨਕ (੪) ਨਿਰਤ ਜਨਕ ਅਤੇ (੫) ਵਿਸ਼ੁਧਤਾ ਜਨਕ॥

(੧) ਜਦੋਂ ਜਗਾਯਸੂ ਗੁਰੂ ਜੀ ਤੋਂ ਮੰਤ੍ਰ ਪ੍ਰਾਪਤ ਕਰਕੇ ਸ਼ੁਭ ਵਿਚਾਰ ਵਿਖੇ ਪ੍ਰਵਿਰਤ ਹੁੰਦਾ ਹੋਇਆ ਆਪਣੇ ਆਤਮਾਂ ਨੂੰ ਅਜੇਹੇ ਮਕਾਮ ਤੇ ਲੈ ਜਾਂਦਾ ਹੈ, ਜਿੱਥੇ ਕਈ ਪ੍ਰਕਾਰ ਦੇ ਰੰਗ ਬਰੰਗੇ ਕੌਤਕ ਵੇਖਕੇ ਬੇ ਵਸ ਹੋ ਕੇ ਹਸ ਪੈਂਦਾ ਹੈ ਅਤੇ ਇੱਕੇ ਦਾ ਹਸੀ ਹੀ ਜਾਂਦਾ ਹੈ। ਉਸ ਅਵਸਥਾ ਦਾ ਨਾਉ 'ਹਾਸਯ ਜਨਕ ਸੂਤ੍ਰ' ਹੈ, ਯਥਾ :- "ਰੰਗ ਹਸੈ"

(੨) ਜਿਸ ਅਵਸਥਾ ਵਿਚ ਗੁਰ ਸਿੱਖ ਇਕ ਵਾਰ ਗੁਰ ਮੰਤ੍ਰ ਦਾਤਾ ਗੁਰੂ ਯਾ ਤਿਸਦੇ ਪ੍ਰਤਾਪ ਕਰਕੇ ਰਬੀ ਜੋਤ ਦੇ ਦਰਸ਼ਨ ਕਰਨ ਦੀ ਪਸ਼ਚਾਤ ਉਸ ਇਲਾਹੀ ਨਜ਼ਾਰੇ ਦੇ ਸਿਮਰਨ ਵਲ ਆਪਣੀ ਬਿਰਤੀ ਨੂੰ ਲੈ ਔਂਦਾ ਹੈ ਤਾਂ ਪਹਿਲੇ ਦਰਸ਼ਨ ਦੇ ਵਿਛੋੜੇ ਦੇ ਅਸਰ ਨਾਲ ਵੈਰਾਗੀ ਹੋ ਕੇ ਰੋਣ ਲਗ ਪੈਂਦਾ ਹੈ, ਇਹ ਰੌਦਨਿਕ ਸੂਤ੍ਰ" ਹੈ ਯਥਾ :- "ਰੰਗ ਰੋਵੈ"

(੩) ਐਸੀ ਅਵਸਥਾ ਵਿਚ ਜਦੋਂ ਕਿ ਸਿੱਖ ਰੱਬ ਦੀ ਕੁਦਰਤ ਦਾ ਹਿਸਾਬ ਕਰਦਾ ਕਰਦਾ ਥਕਿਤ ਹੋ ਜਾਂਦਾ ਹੈ, ਪਰ ਛੇਕੜ ਬੇਅੰਤਤਾ ਦੀ ਮੰਜ਼ਲ ਉਸ ਅਗੇ ਆ ਜਾਂਦੀ ਹੈ ਤਦ ਉਚ ਸੂਰ ਨਾਲ ਬੇਅੰਤ ਬੇਅੰਤ ਕਹਿ ਕੇ ਹੈਰਾਨ ਹੋ ਅਜੇਹੀ ਚੁਪ ਵੱਟਦਾ ਹੈ ਕਿ ਕਿੰਨਾਂ ਕਿੰਨਾਂ ਚਿਰ ਗੁੰਮ ਹੋ ਗਿਆ ਹੀ ਪ੍ਰਤੀਤ ਹੁੰਦਾ ਹੈ, ਇਹ 'ਅਸਚਰਜ ਜਨਕ ਸੂਤ੍ਰ' ਹੈ, ਯਥਾ:- "ਚੁਪ ਭੀ ਕਰ ਜਾਹਿ" ਸੂਤਰ ਦੀਆਂ ਇਹ ਤਿੰਨ ਕਿਸਮਾਂ ਗੁਰੂ ਨਾਨਕ ਜੀ ਨੇ ਆਸਾ ਜੀ ਦੀ ਵਾਰ ਵਿਖੇ ਇਕ ਪੰਗਤੀ ਰੂਪ ਲੜੀ ਵਿਚ ਇਸ ਪ੍ਰਕਾਰ ਪ੍ਰਤੀਆਂ ਹਨ:- "ਰੰਗ ਹਸੈ ਰੰਗ ਰੋਵੈ ਚੁਪ ਭੀ ਕਰ ਜਾਹਿ"

(੪) ਨਿਰਤ ਜਨਕ ਸੂਤਰ ਨੂੰ ਵੀ ਦੋ ਹਿੱਸਿਆ ਵਿਚ ਵੰਡਿਆਂ ਜਾ ਸਕਦਾ ਹੈ (੧) ਈਸ਼੍ਵਰੀ ਨਿਰਤ (੨) ਮਾਈਕ ਨਿਰਤ। ਇਨਾਂ ਦੋਹਾਂ ਹੀ ਪੱਖਾਂ ਵਿਚ ਵਰਨਣ ਕੀਤਾ ਗਿਆ ਹੈ।

ਪਹਿਲੋਂ ਅਸੀ ਈਸ਼ਵਰੀ ਦਾ ਨਿਰਤ ਵਰਨਨ ਕਰਦੇ ਹਾਂ, ਜਿਸ ਦਾ ਗੁਰੁ ਮੱਤ ਵਿਚ ਵਿਧਾਨ ਹੈ ਅਤੇ ਨਾਮਧਾਰੀ ਪੰਥ ਵਿਚ ਜਿਸ ਦੀ ਪ੍ਰਪਾਟੀ ਵੇਖਣ ਵਿਚ ਆਉਂਦੀ ਹੈ।

ਨਾਮਧਾਰੀਆਂ ਨੂੰ ਸੂਤ੍ਰ ਦੀ ਇਸ ਮੰਜ਼ਲ ਵਿਚ ਵੇਖ ਅਗਯਾਨੀ ਲੋਕ ਕਈ ਤਰ੍ਹਾਂ ਦੀਆਂ ਤੂਤ ਭੀਤੀਆਂ ਛਡਿਆ ਕਰਦੇ ਹਨ।

ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਸ਼ਬਦਾਂ ਦੁਆਰਾ ਇਸ ਦਾ ਮੰਡਨ ਕੀਤਾ ਗਿਆ ਹੈ, "ਸਥਾਲੀ ਪੁਲਾਕ ਨਜਾਇ" ਅਨੁਸਾਰ ਹੇਠ ਲਿਖੇ ਵਾਕ ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੇ ਜਾਂਦੇ ਹਨ :-

(੧) ਤੇਰਾ ਜਨ ਨਿਰਤ ਕਰੇ ਗੁਣ ਗਾਵੈ।
ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸ਼ਬਦ ਵਜਾਵੈ।

(ਆਸਾ ਮਹਲਾ ੫)

(੨) ਵਾਜਾ ਮਤਿ ਪਖਾਵਤ ਭਾਉ । ਹੋਇ ਅਨੰਦ ਸਦਾ ਮਨਿ ਚਾਉ।
ਏਹਾ ਭਗਤਿ ਏਹਾ ਤਪ ਤਾਉ। ਇਤ ਰੰਗ ਨਾਚਹੁ ਰਖ ਰਖ ਪਾਉ

(ਆਸਾ ਮਹਲਾ ੧ ਸਲੋਕ ੩)

(੩) ਮਨੂਆ ਨਾਚੈ ਭਗਤਿ ਦ੍ਰਿੜਾਏ ਗੁਰ ਕੇ ਸ਼ਬਦਿ ਮਨੈ ਮਨੁ ਮਿਲਾਏ।

ਸਚਾ ਤਾਲ ਪੂਰੇ ਮਾਇਆ ਮੋਹ ਚੁਕਾਏ ਸਬਦੇ ਨਿਰਤ ਕਰਵਾਨਿਆ।
(ਮਾਝ ਅਸ਼ਟਪਦੀ ਮਹਲਾ ੩ ਸ: ੯)

(੪) ਨਾਚ ਰੇ ਮਨ ਗੁਰ ਕੈ ਆਗੈ। ਗੁਰ ਕੈ ਭਾਣੈ ਨਾਚੈ ਤਾ ਸੁਖ ਪਾਵੇ ਅੰਤੇ ਜਮ ਭਉ ਭਾਗੈ।
(ਗੂਜਰੀ ਮਹਲਾ ੩)

(੫) ਘੂੰਘਟ ਤੇਰੋ ਤਉ ਪਰ ਸਾਚੈ। ਹਰਿ ਗੁਣ ਗਾਇ ਕੂਦੈ ਅਰੁ ਨਾਚੈ। (ਆਸਾ ਕਬੀਰ ਜੀ)

(੬) ਨਾਚਨ ਸੋਇ ਜੋ ਮਨ ਸਿਉ ਨਾਚੈ। ਝੂਠ ਨ ਪੜੀਐ ਪਰਚੈ ਸਾਚੈ।
ਇਸ ਮਨੁ ਆਗੈ ਪੂਰੇ ਤਾਲ । ਇਸ ਨਾਚਨ ਕੇ ਮਨੁ ਰਖਵਾਲ।(ਗੌਂਡ ਕਬੀਰ ਜੀ ਸ:੧੦)

(੭) ਇਹ ਮਨੁ ਨਾਚੈ ਸਤਿਗੁਰ ਆਗੈ ਅਨਹਦ ਸ਼ਬਦ ਧੁਨ ਤੂਰ ਵਜਈਆ।
ਹਰਿ ਹਰਿ ਉਸਤਤ ਕਰੈ ਦਿਨ ਰਾਤੀ ਰਖਿ ਰਖਿ ਚਰਣ ਹਰਿ ਤਾਲ ਪੂਰਈਆ।
(ਬਿਲਾਵਲ ਮ: ੪)

(੮) ਰਾਮ ਕੋ ਨਿਰਤਕਾਰੀ। ਪੇਖੈ ਪੇਖਨ ਹਾਰ ਦਇਆਲਾ ਜੇਤਾ ਸਾਜੁ ਸੀਗਾਰੀ।
(ਰਾਮਕਲੀ ਮ:੫)

ਇਤਿਅਦਿਕ ਹੋਰ ਵੀ ਬਹੁਤ ਸਾਰੇ ਪ੍ਰਮਾਣ ਹਨ, ਜੋ ਨਿਰਤ ਜਨਕ ਸੂਤ੍ਰ ਦੀ ਪੁਸ਼ਟੀ ਕਰਦੇ ਹੋਏ ਈਸ਼੍ਵਰੀ ਨਿਰਤ ਦੇ ਮੰਡਪ ਹਨ, ਪ੍ਰੰਤੂ ਪੁਸਤਕ ਵਿਸਤਾਰ ਦੇ ਭੈ ਕਰਕੇ ਏਨੇ ਤੇ ਹੀ ਸੰਤੋਖ ਕਰਦੇ ਹਨ, ਕਿਉਂਕਿ ਪਾਠਕਾਂ ਤਸੱਲੀ ਅਰਥ ਏਨੇ ਹੀ ਕਾਫੀ ਕਹੇ ਜਾ ਸਕਦੇ ਹਨ।

(ਅ) "ਮਾਇਆ ਨਿਰਤ" ਉਹ ਨਿਰਤ ਹੈ, ਜੋ ਰੋਟੀਆਂ ਕਾਰਨ ਯਾ ਵਿਕਾਰ ਦ੍ਰਿਸ਼ਟੀ ਨੂੰ ਮੁਖ ਰਖਕੇ ਕੀਤੀ ਜਾਏ। ਇਸ ਨਿਰਤ ਦਾ ਗੁਰੂ ਮਤ ਵਿਚ ਨਿਸ਼ੇਧ ਕੀਤਾ ਗਿਆ ਹੈ। ਯਥਾ ਪ੍ਰਮਾਣ:-

(੧) ਰੋਟੀਆਂ ਕਾਰਨ ਪੂਰੇ ਤਾਲ॥ ਆਪ ਪਛਾੜਹ ਧਰਤੀ ਨਾਲ॥
ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡ ਨਾ ਜਾਹੀ ਸਿੱਧ ਨ ਹੋਇ॥
ਨਚਣ ਕੁਦਨ ਮਨ ਕਾ ਚਾਉ॥ ਨਾਨਕ ਜਿਨ ਮਨ ਭਉ ਤਿਨਾ ਮਨ ਭਾਉ॥
(ਆਸਾ ਦੀ ਵਾਰ ਮ:੧)

(੨) ਨਚਿਐ ਟਪਿਐ ਭਗਤ ਨ ਹੋਇ॥

(੩) ਪਗ ਨਾਚਸ ਚਿਤ ਅਕਰਮੰ॥ ਰੇ ਲੰਪਟ ਨਾਚ ਅਧਰਮੰ॥ (ਪ੍ਰਭਾਤੀ ਬੇਣੀ)

ਅਰਥਾਤ ਹੇ ਜੀਵ ! ਪੈਰਾਂ ਨਾਲ ਤਾਂ ਨੱਚਦਾ ਹੈਂ, ਪ੍ਰੰਤੂ ਚਿਤ ਤੇਰਾ ਵਿਕਰਮਾਂ ਵਲ ਹੈ, ਤਾਂਤੇ ਹੇ ਵਿਸ਼ਟ ਜੀਵ ! ਤੇਰਾ ਏਸ ਕਿਸਮ ਦਾ ਨਾਚ ਅਧਰਮ ਰੂਪ ਹੈ॥

ਭਾਵ ਏਹ ਕਿ ਨਾਚ ਧਰਮ ਰੂਪ ਤਦੇ ਹੋ ਸਕਦਾ ਹੈ, ਜੋ ਉਸ ਵਿਚ ਈਸ਼੍ਵਰੀ ਰੰਗ ਦਾ ਠਾਠ ਅਰ ਅਨਹਦ ਦੀ ਧੁਨੀ ਮੌਜੂਦ ਹੋਵੇ, ਅਤੇ ਵਿਕਰਮਾਂ ਦੀ ਦ੍ਰਿਸ਼ਟੀ ਨੂੰ ਮਲੀਆ ਮੇਟ ਕਰਕੇ ਕੇਵਲ ਪ੍ਰਮਾਤਮਾ ਦੇ ਗੁਣਾਨ ਵਾਦ ਗਾਇਨ ਕੀਤੇ ਜਾਣ॥

(੪) ਵਿਸ਼ੁਧਤਾ ਜਨਕ ਸੂਤ੍ਰ-ਜਗਯਾਸੂ ਦੀ ਉਸ ਹਾਲਤ ਦਾ ਨਾਉਂ ਹੈ, ਜਦ ਉਹ ਗੁਰੂ ਕੇ ਦਰਸ਼ਨ ਅਤੇ ਸ਼ਬਦ ਦਾ ਇਸ ਕਦਰ ਮਤ ਵਾਲਾ ਹੋ ਜਾਂਦਾ ਹੈ ਕਿ ਗੁਰੂ ਕਾ ਦਰਸ਼ਨ ਕਰਕੇ ਸ਼ਬਦ ਸੁਣਦਿਆਂ ਸਾਰ ਹੀ ਹਾਲੋਂ ਬੇਹਾਲ ਹੋ ਜਾਂਦਾ ਹੈ, ਕਦੀ ਦੜ ਧਰਤੀ ਤੇ ਡਿੱਗ ਪੈਂਦਾ ਹੈ, ਕਦੀ ਸਿਰ ਮਾਰਦਾ ਹੈ, ਕੇਸ ਪੁਟਦਾ ਤੇ ਚਾਂਗਰਾਂ ਮਾਰਦਾ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਇਸ ਦੀ ਬਾਬਤ ਹੇਠ ਲਿਖੇ ਪ੍ਰਮਾਣ ਵਿਚਾਰ ਗੋਚਰ ਹਨ:-

(੧) ਰਾਮ ਗੁਰ ਮੋਹਨ ਮੋਹ ਮਨ ਲਈਆ॥
ਹਉ ਆਕਲ ਬਿਕਲ ਭਈ ਗੁਰ ਦੇਖੇ ਲੋਟ ਪੋਟ ਹੋ ਪਈਆ॥ (ਬਿਲਾਵਲ ਮ:੪)

(੨) ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨ ਜੁ ਏਕ॥
ਲਾਗਤ ਹੀ ਭੁਇ ਗਿਰ ਪਰਿਆ ਪਰਾ ਕਰੇਜੇ ਛੇਕ॥

(੩) ਦਰਸ਼ਨ ਦੇਖਤ ਹੀ ਸੁਧ ਕੀ ਨ ਸੁਧ ਰਹੀ
ਬੁਧ ਕੀ ਨ ਬੁਧ ਰਹੀ ਮਤ ਮੈ ਨਾ ਮਤ ਹੈ ॥

(ਕਬਿੱਤ ਭਾਈ ਗੁਰਦਾਸ ਜੀ -੧-੯)

ਇਸ ਪ੍ਰਕਾਰ ਗੁਰਮਤ ਵਿਚ ਪੰਜ ਪ੍ਰਕਾਰ ਦੇ ਸੂਤ੍ਰ ਦਾ ਨਿਰੂਪਣ ਕੀਤਾ ਗਿਆ ਹੈ। ਇਹਨਾਂ ਪੰਜਾਂ ਦੇ ਭਾਵੇਂ ਕੋਈ ਕਿੰਨੇ ਹਿੱਸੇ ਕਰਕੇ ਸੂਤ੍ਰ ਦੀਆਂ ਕਿਸਮਾਂ ਨੂੰ ਵਧਾ ਲਵੇ, ਪ੍ਰੰਤੂ ਉਹ ਸਭ ਇਹਨਾਂ ਪੰਜਾਂ ਦੇ ਅੰਤਰਗਤ ਹੀ ਆ ਜਾਣਗੇ। ਆਸ਼ਾ ਹੈ ਕਿ ਸੰਚੀ "ਸੂਤ੍ਰ" ਸਬੰਧੀ ਪਾਠਕਾਂ ਦੇ ਹਰ ਪ੍ਰਕਾਰ ਦੇ ਸੰਸਿਆਂ ਨੂੰ ਨਵਿਰਤ ਕਰਨ ਦਾ ਕਾਰਨ ਸਿੱਧ ਹੋਵੇਗੀ। ਤਾਂਤੇ ਪਾਠਕਾਂ ਦੇ ਸੇਵਾ ਵਿਚ ਸਨਿੰਮਰ ਪ੍ਰਾਰਥਨਾ ਹੈ ਕਿ ਜੇ ਉਹਨਾਂ ਦੀ ਤਸੱਲੀ ਹੋ ਜਾਏ ਤਾਂ ਉਹ ਖੂਬ ਜ਼ੋਰ ਸ਼ੋਰ ਨਾਲ ਇਸ ਦਾ ਪ੍ਰਚਾਰ ਕਰਨ ਵਾਸਤੇ ਤੱਤਪਰ ਹੋ ਜਾਣ ਅਤੇ ਜੇ ਕੋਈ ਅਜੇ ਵੀ ਸ਼ੰਕਾ ਰਹਿ ਜਾਏ ਤਾਂ ਉਹ ਉਸ ਆਪਣੀ ਸ਼ੰਕਾ ਨੂੰ ਪੱਤ੍ਰਕਾ ਵਿਚ ਲਿਖ ਕੇ ਮੇਰੇ ਪੱਤੇ ਤੇ ਘੱਲ ਦੇਣ, ਤਾਂਕਿ ਦੂਜੀ ਵਾਰ ਨੂੰ ਓਸਦਾ ਕੰਡਾ ਵੀ ਨਾਲ ਹੀ ਕੱਢ ਦਿੱਤਾ ਜਾਵੇ।ਇਸ ਥੀਂ ਅਗੇ ਇਕ ਕਵਿਤਾ ਜੋ ਦੋ ਵਿਗਿਆਨੀਆਂ ਦੇ ਅਧਾਰ ਤੇ ਲਿਖੀ ਗਈ ਹੈ, ਦਰਜ ਕੀਤੀ ਜਾਂਦੀ ਹੈ, ਜੋ ਇਕ ਥਾਉਂ ਤੇ ਇਸ ਪਰਕਾਰ ਗੱਲਾਂ ਪਏ ਕਰਦੇ ਸਨ:-

ਪਹਿਲਾ:- ਦੱਸ ਯਾਰ ਤੂੰ ਬਿਰਥਾਂ ਮਨ ਦੀ ਚੁਪ ਅਜੇਹੀ ਵਟੀ,
ਕੇਹੜੀ ਸੋਚ ਵਿਚ ਤੂੰ ਡੁਬਾ, ਕੀ ਦਿਲ ਅੰਦਰ ਠੱਟੀ ?
ਦੂਜਾ :- ਕੀ ਦਸਾਂ ਮੈਂ ਤੈਨੂੰ ਪਿਆਰੇ ਬੇਦਨ ਦਿਲ ਦੀ ਭਾਰੀ।
ਸਿੱਖਾਂ ਅੰਦਰ ਮਨਮਤ ਦਾ, ਪਰਚਾਰ ਹੋ ਰਿਹਾ ਜਾਰੀ।
ਕੁਛ ਦਿਨ ਹੋਏ ਇੱਕ ਪਿੰਡ ਨਾਮਧਾਰੀਏ ਆਏ।
ਰੋਟੀ ਟੁਕਰ ਖਾ ਕੇ ਓਨਾ ਚੁਕ ਸਾਜ਼ ਖੜਕਾਏ।
ਢੋਲਕ ਲਾ ਕੇ ਜੋਰ ਬਜਾਵਣ, ਨਾਲੇ ਛੈਣੇ ਕੁੱਟਣ।
ਪੜਦੇ ਸ਼ਬਦ ਮਾਰ ਕਿਕਾਰੀ, ਡਾਢਾ ਖੋਰੂ ਪੁੱਟਣ।
ਕੇਸਾਂ ਦੀ ਓਹ ਕਰਨ ਬੇਅਦਬੀ, ਸਿਰ ਮਾਰਨ ਦਿਵਾਨੇ।
ਕੋਈ ਆਖੈ ਏਹ ਕੀ ? ਆਖਣ ਹੋਏ ਸਿੰਘ ਮਸਤਾਨੇ।
ਪਹਿਲਾਂ :- ਗਲ ਠੀਕ ਜੋ ਤੈ ਨੇ ਦਸੀ, ਮਨ ਮੇਰੇ ਦੇ ਅੰਦਰ ਵਸੀ।
ਅਸੀਂ ਵੀ ਹਾਂ ਗੁਰ ਘਰ ਦੇ ਗਿਆਨੀ, ਸੋਚ ਵਿਚਾਰ ਪੜ੍ਹੀ ਗੁਰਬਾਨੀ॥
ਕਿੱਤੇ ਨਾ ਡਿੱਠਾ ਲਿਖਿਆ ਭਾਈ, ਨੱਚਣ ਟੱਪਣ ਦੇ ਵਿਚ ਵਡਿਆਈ॥
ਪਿਛਲੇ ਗੁਰੂ ਸਿੱਖ ਸਨ ਦਾਨੇ, ਕੂਕੇ ਬਣੇ ਬੈਠੇ ਮਸਤਾਨੇ॥
ਕਿਸਮਤ ਸਾਡੜੀ।
ਨਾਮਧਾਰੀ:- ਕਿਉਂ ਗਿਆਨੀ ਜੀ ਆਉਖੇ ਹੁੰਦੇ, ਆਪੇ ਵਿਚ ਪਏ ਹੋ ਰੋਂਦੇ।
ਨਿੰਦਾ ਗੁਰੂ ਪੰਥ ਦੀ ਕਰਦੇ, ਮੂਲ ਨਹੀਂ ਸਤਿਗੁਰ ਤੋਂ ਡਰਦੇ।
ਗੁਰੂਆਂ ਦੀ ਜੋ ਹੈ ਗੁਰਮੱਤ, ਉਸ ਨੂੰ ਕਹਿੰਦੇ ਹੋ ਮਨਮੱਤ।
ਪ੍ਰੇਮ ਨਾਲ ਜੋ ਸਾਜ ਵਜਾਵਣ, ਮਸਤ ਹੋਇ ਗੁਰਬਾਣੀ ਗਾਵਣ।
ਧੰਨ ਨੇ ।
ਗਿਆਨੀ :- ਲੈ ਭਾਈ ਕੂਕਾ ਸੁਣ ਕੇ ਗਲ ਖੜਕ ਪਿਆ ਈ ਵਾਂਗੂੰ ਟੱਲ।
ਆਂਹਦਾ ਮਨਮੱਤ ਨੂੰ ਗੁਰਮੱਤ, ਚੰਗਾ ਸਮਝ ਲਿਆ ਸੀ ਤੱਤ।
ਕਰੀਏ ਬਹਿਸ ਲਾਇਕੇ ਤਾਣ ਐਵੇਂ ਦੇਣਾ ਨਾਹੀਂ ਜਾਣ।
ਜਾਪੇ ਭੋਲਾ ਭਾਲਾ ਜੱਟ, ਇਹਨੂੰ ਝੂਠਾ ਕਰੀਏ ਝੱਟ।
ਨਾਲ ਗਿਆਨ ਦੇ!
ਨਾਮਧਾਰੀ :- ਵਾਹ ਗਿਆਨੀ ਜੀ ਤੈਨੂੰ ਸੂਝੀ, ਮੇਰੇ ਮਨ ਅੰਦਰ ਦੀ ਬੁੱਝੀ
ਭਾਵੇਂ ਨਹੀਂ ਮੈਂ ਬੜਾ ਗਿਆਨੀ, ਗੱਲਾਂ ਜਾਣਾ ਨਹੀਂ ਸ਼ੈਤਾਨੀ।
ਐਪਰ ਸਤਿਗੁਰ ਦੀ ਜੋ ਬਾਣੀ, ਪੜ੍ਹ ਵਿਚਾਰ ਨਾਲ ਅੰਦਰ ਠਾਣੀ।
ਬਿਨਾ ਸ਼ੱਕ ਤੂੰ ਕਰ ਲੈ ਸਵਾਲ, ਉਤਰ ਦਿਆਂ ਸ਼ੋਕ ਦੇ ਨਾਲ।
ਕੱਢਾ ਤੰਤਰੇ !

ਗਿਆਨੀ :- ਸੁਣ ਕੇ ਗਲ ਨਾ ਹੋਣਾ ਜਿੱਚ, ਲਿਖਿਆਂ ਗੁਰੂ ਗ੍ਰੰਥ ਦੇ ਵਿੱਚ।
ਨਚਿਐ ਟਪਿਐ ਭਗਤਿ ਨਾ ਹੋਇ ਤਾਂਤੈ ਨਚੈ ਟਪੈ ਜੋਇ।
ਨਹੀਂ ਗੁਰਬਾਣੀ ਦੇ ਅਨੁਸਾਰ। ਐਪਰ ਨਾਮਧਾਰੀਏ ਯਾਰ।
ਨੱਚਣ ਟੱਪਣ ਭੜਥੂ ਪਾਵਣ। ਕੇਸਾਂ ਦੇ ਵਿਚ ਮਿੱਟੀ ਪਾਵਣ।
ਹੈ ਅਨਰਥ ਏ !

ਨਾਮਧਾਰੀ:- ਵਾਹ ਓਏ ! ਭਾਈ ਸਿੰਘ ਗਿਆਨਾ। ਚੰਗਾ ਕੀਤਾ ਪ੍ਰਸ਼ਨ ਸੁਜਾਨਾ।
ਜਿਸ ਦੀ ਫੱਕੀ ਖੂਬ ਉਡਾਵਾਂ। ਤੇਰੇ ਦਿਲ ਦੀ ਹੋਛ ਭੁਲਾਵਾਂ।
ਏਹਦਾ ਅਸਲੀ ਅਰਥ ਸੁਣਾਵਾਂ। ਤੇਰੇ ਮਨ ਦਾ ਭਰਮ ਹਟਾਵਾਂ।
ਮਾਇਆ ਕਾਰਣ ਨਚੈ ਜੋਇ। ਲੇਖੇ ਪੈਂਦੀ ਨਾਹੀ ਸੋਇ।
ਸਿੱਧੀ ਗਲ ਹੈ !

ਗਿਆਨੀ :- ਮੰਨੀ ਗਲ ਤੁਹਾਡੀ ਏਹ। ਐਪਰ ਉਤਰ ਇਸਦਾ ਦੇਹ।
ਲਿਖਿਆ ਵਿਚ ਆਸਾ ਦੀ ਵਾਰ। ਗੁਰੂ ਨਾਨਕ ਨੇ ਖੂਬ ਉਚਾਰ।
ਨਚ ਨਚ ਹਸੈ ਚਲੈ ਸੇ ਰੋਇ। ਉਡਿ ਨ ਜਾਹੀ ਸਿੱਧ ਨ ਹੋਇ।
ਨਣਚ ਕੁਦਨ ਮਨ ਕਾ ਚਾਉ। ਨਾਨਕ ਜਿਨ ਮਨ ਭਉ ਤਿਨਾ ਮਨ ਭਾਉ।
ਅਜੇ ਵੀ ਕਸਰ ਹੈ !

ਨਾਮਧਾਰੀ:- ਜੇਕਰ ਏਸ ਸ਼ਬਦ ਦਾ ਸਾਰ। ਵਾਚੋ ਨਾਲੇ ਕਰੋ ਵਿਚਾਰ।
ਵਿਚ ਗਿਆਨ ਹੋਇ ਪ੍ਰਵਿਰਤ। ਸ਼ੰਕਾ ਕੋਊ ਝੱਟ ਨਵਿਰਤ।
ਪਿੱਛੇ ਲਿਖਯਾ ਪੜ੍ਹੋ ਸੰਭਾਲ। ਰੋਟੀਆਂ ਕਾਰਨ ਪੂਰੇ ਤਾਲ।
ਆਪ ਪਛਾੜਹਿ ਧਰਤੀ ਨਾਲ। ਪਰ ਜੇ ਨੱਚਣ ਰੰਗ ਅਕਾਲ।
ਜਣੇਂਦੀ ਧੰਨ ਮਾਂ !

ਗਿਆਨੀ:- ਗੁਰੂ ਗ੍ਰੰਥ ਦਾ ਦੇ ਪ੍ਰਮਾਣ, ਕਿੱਥੇ ਲਿਖਯਾ ਸੂਤ੍ਰ ਪਾਣ।
ਕੇਸ ਖਿਲਾਰਨ ਦੀ ਮਨਮੱਤ। ਦੂਰ ਰਹੇ ਇਸ ਤੋਂ ਗੁਰਮੱਤ।
ਨਚਣ ਦਾ ਹੈ ਬੁਰਾ ਰਿਵਾਜ਼। ਹੋਵੇ ਦੂਰ ਕੁਲਾਂ ਦੀ ਲਾਜ।
ਗੁਰ ਕਾ ਸਿੱਖ ਨਹੀਂ ਜੋ ਨੱਚੇ। ਏਹ ਹਨ ਬਚਨ ਅਸਾਡੇ ਸੱਚੇ।
ਉਤ੍ਰ ਦੇਵਣਾ

ਨਾਮਧਾਰੀ:- ਸੁਣ ਸਿੰਘਾਂ ਤੂੰ ਲਾ ਧਿਆਨ। ਰਾਗ ਬਿਲਾਵਲ ਦਾ ਵਖਿਆਨ।
ਅੰਤਰ ਪਿਆਸ ਉਠੀ ਪ੍ਰਭ ਕੇਰੀ ਸੁਣ ਗੁਰ ਬਣਨ ਮਨ ਤੀਰ ਲਗਈਆ।
ਮਨਕੀ ਬਿਰਥਾ ਮਨ ਹੀ ਜਣੈ ਅਵਰ ਕਿ ਜਾਣੈ ਪੀਰ ਪਰੀਆ।
ਨਾਮ ਗੁਰ ਮੋਹਨ ਮਨ ਮਨ ਲਈਆ।
ਆਕਲ ਬਿਕਲ ਭਈ ਗੁਰ ਦੇਖੇ ਲੋਟ ਪੋਟ ਹੋ ਪਈਆ।
ਸੂਤਰ ਵੇਖਿਆ

ਜਿੰਨੂ ਪ੍ਰਭੂ ਮਿਲਣ ਦਾ ਚਾ। ਪੈਂਦਾ ਸਰਨ ਗੁਰਾਂ ਦੀ ਜਾ।
ਛੱਡਣ ਬਾਣ ਗੁਰੂ ਜੀ ਏਕ। ਪੈਂਦਾ ਵਿੱਚ ਕਲੇਜੇ ਛੇਕ।
ਢਹਿਦਾ ਹਾਲੋਂ ਬਿਹਾਲ। ਲਹਿੰਦੀ ਪੱਗ ਤੇ ਖੁੱਲਣ ਵਾਲ।
ਰਹਿੰਦੀ ਸੁਰਤ ਨਾ।

ਜੇਕਰ ਤੈਨੂੰ ਨਹੀਂ ਇਤ ਬਾਰ। ਹੋ ਕੇ ਝਟ ਤਿਆਰ ਬਰ ਤਿਆਰ।
ਨੀਯਤ ਕਰਕੇ ਅਪਣੀ ਰਾਸ। ਚੱਲਕੇ ਸੰਤ ਗੁਰਾਂ ਦੇ ਪਾਸ।
ਲੈ ਕੇ ਭਜਨ ਧਰੀ ਤੂੰ ਧਿਆਨ। ਕੇਸਾਂ ਸਣੀ ਤੂੰ ਕਰੀ ਇਸ਼ਨਾਨ।

ਸੁਣ ਸੰਜਮ ਦਾ ਕਰ ਪ੍ਰਸ਼ਾਦ। ਸਤਿਗੁਰ ਤਾਈਂ ਕਰਕੇ ਯਾਦ।
ਬਖੇੜਾ ਕਰੀਂ ਫੇਰ !
ਜੇਹੜੇ ਰਾਮ ਰਾਸਾਇਣ ਰਾਤੇ। ਸਚੇ ਅਮਲੀ ਉਹ ਬਖਯਾਤੇ।
ਭਰ ਭਰ ਪ੍ਰੇਮ ਪਿਆਲੇ ਪੀਂਦੇ। ਬਿਨ ਅਮਲਾਂ ਤੋਂ ਅਮਲੀ ਥੀਂਦੇ।
ਲੋਕੀਂ ਭੌਂਦੂ ਕਹਿਣ ਦਿਵਾਨੇ। ਪਰ ਉਹ ਸਤਿਗੁਰਾਂ ਦੇ ਮਸਤਾਨੇ ।
ਏਹ ਵੀ ਗ੍ਰੰਥ ਗੁਰੂ ਦੇ ਵਾਕ। ਐਵੇਂ ਲਾਂਭੇ ਪਿਆ ਨ ਝਾਕ।
ਧੌਣ ਉਠਾਇਕੇ !

ਗਿਆਨੀ:-

ਏਹ ਤਾਂ ਮੰਨੀ ਗਲ ਤੁਹਾਡੀ । ਐਪਰ ਸ਼ੰਕਾ ਹੋਰ ਅਸਾਡੀ।
ਪਹਿਲੋਂ ਵੀ ਕਹਿ ਚੁਕਾਂ ਹਾਂ । ਐਪਰ ਉਤਰ ਆਇਆ ਨਾ।
ਨਚਣ ਦਾ ਜੋ ਬੁਰਾ ਰਿਵਾਜ਼। ਗੁਰ ਸੰਗਤ ਵਿਚ ਆਵੈ ਲਾਜ।
ਇਹ ਸਿੱਖਾਂ ਦਾ ਨਹੀਂ ਅਸੂਲ। ਮੇਰੀ ਜਾਚੇ ਢਾਡੀ ਭੂਲ।
ਮੰਨੋ ਗੇ ਏਸ ਨੂੰ ?

ਨਾਮਧਾਰੀ:- ਪਿਛੇ ਕੀਤਾ ਹੱਲ ਸੁਵਾਲ।ਕੀਤਾ ਤੁਸਾਂ ਨਾ ਮੂਲ ਖਿਆਲ।
ਨਿਰਤ ਹੌਂਵਦੀ ਦੋ ਪ੍ਰਕਾਰ। ਇਕ ਸਚੀ ਦੂਜੀ ਕੂੜਿਆਰ।
ਸਚੀ ਅੰਦਰ ਰੰਗ ਅਕਾਲ। ਝੂਠੀ ਮਾਇਆ ਸੰਦਾ ਜਾਲ।
ਝੂਠੀ ਦਾ ਗੁਰ ਕੀਤਾ ਖੰਡਨ। ਐਪਰ ਸਚੀ ਦਾ ਹੈ ਮੰਡਨ।
ਗੁਰੂ ਗ੍ਰੰਥ ਸਾਹਿਬ ਮੈਂ ।

ਗਿਆਨੀ :- ਮੈਂ ਤਾਂ ਹੁੰਦਾ ਬੜਾ ਹੈਰਾਨ । ਨੱਚਣ ਕੂਕੇ ਵਿਚ ਦੀਵਾਨ।
ਨਾਲੇ ਕਿਲਕਾਂ ਮਾਰ ਸੁਣਾਂਦੇ ਨਾਲੇ ਸ਼ਬਦ ਗੁਰੂ ਕੇ ਗਾਂਦੇ।
ਪੈਰਾਂ ਨਾਲ ਕੱਢੇਂਦੇ ਤਾਲ। ਖੁਲੇ ਛਡ ਗਲੇ ਵਿਚ ਵਾਲ।
ਉੱਤਰ ਦੇਹੁ ਸਹਿਤ ਪ੍ਰਮਾਣ। ਪੂਰੇ ਪੂਰੇ ਪਤੇ ਨਿਸ਼ਾਨ।
ਮਾਮੂਲੀ ਗਲ ਨਾ।

ਨਾਮਧਾਰੀ:- ਸੁਣ ਗਿਆਨੀ ਜੀ ਤੋਹਿ ਸੁਣਾਵਾਂ। ਤੇਰੇ ਮਨ ਦਾ ਭਰਮ ਮਿਟਾਵਾਂ।
ਸੁਣ ਸੁਣ ਬਾਣੀ ਦੇ ਪ੍ਰਮਾਣ। ਕਰਨੇ ਨੋਟ ਰਖਣਾ ਧਿਆਨ।
ਗੁਜਰੀ ਰਾਗ ਮਹੱਲਾ ਤ੍ਰੈ। ਪਹਿਲੋਂ ਏਹੋ ਹੀ ਸੁਣ ਲੈ।
ਨਿਰਤ ਕਰੀ ਇਹ ਮਨ ਨਾਚਾਈ। ਗੁਰ ਪਰਸਾਦੀ ਆਪ ਗਵਾਈ।
ਚਿਤ ਥਿਰ ਰਾਖੈ ਸੋ ਮੁਕਤਿ ਹੋਵੈ ਜੋ ਇਛੇ ਸੋਈ ਫਲ ਪਾਈ।
ਅਗੇ ਹੋਰ ਸੁਣ।
ਨਾਚ ਰੇ ਮਨ ਗੁਰ ਕੇ ਆਗੈ। ਗੁਰ ਕੇ ਭਾਣੇ ਨਾਚੈ ਤਾ ਸੁਖ ਪਾਵੈ।
ਅੰਤੇ ਜਮ ਭਉ ਭਾਗੈ। ਆਪ ਨਚਾਏ ਸੋ ਭਗਤ ਕਹੀਐ।
ਆਪਣਾ ਪਿਆਰ ਆਪ ਲਾਏ।
ਆਪੇ ਗਾਵੈ ਆਪ ਸੁਣਾਵੇ ਇਸ ਮਨ ਅੰਧੈ ਕੇ ਮਾਰਗ ਪਾਏ।
ਸੁਣੀ ਗਲ ?
ਅਨਦਿਨ ਨਾਚੈ ਸਕਤਿ ਨਿਵਾਰੇ,
ਸ਼ਿਵ ਘਰਿ ਨੀਦ ਨ ਹੋਈ।
ਸ਼ਕਤੀ ਗਰਿ ਜਗਤ ਸੂਤਾ ਨਾਚੈ ਟਾਪੈ,
ਅਵਰੋ ਗਾਵੈ ਮਨਮੁਖ ਭਗਤ ਨ ਹੋਈ।
ਸੁਰ ਨਰਵਿਰਤ ਪਖਕਰਮੀਂ ਨਾਚੈ, ਮੁਨ ਜਨ ਗਿਆਨ ਬਿਚਾਰੀ।
ਸਿਧ ਸਾਧਿਕ ਲਿਵ ਲਾਗੀ ਨਾਚੈ, ਜਿਨ ਗੁਰਮੁਖ ਬੁਧਿ ਬਿਚਾਰੀ।

ਭਾਈ ਜੀ ਵੇਖਿਆ !

ਖੰਡ ਬ੍ਰਹਮੰਡ ਤ੍ਰੈ ਗੁਣ ਨਾਚੈ ਜਿਨਿ ਲਾਗੀ ਹਰਿ ਲਿਵ ਤੁਮਾਰੀ।
ਜੀ ਜੰਤ ਸਭੇ ਹੀ ਨਾਚੇ ਨਾਚੇ ਖਾਣੀ ਚਾਰੀ।
ਜੋ ਤੁਧ ਭਾਵੇ ਸੋਈ ਨਾਚੈ ਜਿਨ ਗੁਰਮੁਖ ਸਬਦ ਲਿਵ ਲਾਏ।
ਸੇ ਭਗਤਿ ਸੇ ਤਤੁ ਗਿਆਨੀ ਜਿਨਕੋ ਹੁਕਮ ਮਨਾਏ।
ਗਿਆਨੀ ਜੀ ਕਰੋ ਗਲ !

ਸਤਿਗੁਰ ਨਾਨਕ ਵਾਕ ਉਚਾਰਨ। ਅੰਦਰ ਆਸਾ ਸਬਦ ਸੁਧਾਰਨ।
ਵਾਜਾ ਮਤਿ ਪਖਾਵਜਿ ਭਾਉ । ਹੋਇ ਅਨੰਦ ਸਦਾ ਮਨ ਚਾਉ।
ਏਹਾ ਭਗਤਿ ਏਹਾ ਤਪਤਾਉ।ਇਤੁ ਰੰਗ ਨਾਚਹੁ ਰਖ ਰਖ ਪਾਉ।
ਖੂਬ ਬਣਾਇਕੇ !
ਸਤੁ ਸੰਤੋਖ ਵਜਹਿ ਦੁਇ ਤਾਲੁ। ਪੈਰੀ ਵਾਜਾ ਸਦਾ ਨਿਹਾਲ।
ਰਾਗ ਨਾਦ ਨਹੀਂ ਦੂਜਾ ਭਾਉ । ਇਤ ਰੰਗ ਨਾਚਹੁ ਰਖ ਰਖ ਪਾਉ।
ਬਨ੍ਹ ਕੇ ਘੂੰਘਰੂ।
ਭਉ ਫੇਰੀ ਹੋਵੈ ਮਨੁ ਚੀਤੁ । ਬਹਿਦਿਆ ਉਠਦਿਆ ਨੀਤਾ ਨੀਤ।
ਲੇਟਣਿ ਲੇਟ ਜਾਣੈ ਤਨੁ ਸੁਆਹ। ਗੁਰਮੁਖ ਸੁਨਣਾ ਸਾਚਾ ਨਾਉ।
ਨਾਨਕ ਆਖਣ ਵੇਰਾ ਵੇਰ। ਇਤਰੰਗੁ ਨਾਚਹੁ ਰਖ ਰਖ ਪੈਰ।
ਸੁਣਿਆ ਲੇਟਣਾ ?
ਅੱਗੇ ਸੁਣੋ ਹੋਰ ਜੋ ਲਿਖਯਾ ਹੈ:-
ਗੁਰ ਅਰਜਨ ਦੀ ਰਸਨੀ ਪਿਖਿਆ।
ਉਦਮ ਕਰਤ ਹੋਵੈ ਮਨ ਨਿਰਮਨੁ ਨਾਚੈ ਆਪ ਨਿਵਾਰੈ।
ਪੰਚ ਜਨਾ ਲੇ ਵਸ ਗਤਿ ਰਾਖੈ ਮਨ ਮਹਿ ਏਕੰਕਾਰੈ।
ਤੇਰਾ ਜਨ ਕਿਰਤ ਕਰੇ ਗੁਣ ਗਾਵੈ।
ਰਬਾਬ ਪਖਾਵਜ ਤਾਲ ਘੁੰਘਰੂ ਅਨਹਦ ਸਬਦ ਵਜਾਵੈ।
ਗਿਆਨੀ ਜੀ ਸੁਣ ਲਿਆ ਜੇ ?
ਰਾਗ ਬਿਲਾਵਲ ਮਹਲਾ ਚਾਰ ।
ਸਤਿਗੁਰ ਕੀਤਾ ਇਉਂ ਉਚਾਰ।
ਇਹ ਮਨ ਨਾਚੈ ਸਤਿਗੁਰ ਆਗੈ।
ਅਨਹਦ ਸਬਦ ਧੁਰ ਤੂਰ ਵਜਈਆ।
ਹਰਿ ਹਰਿ ਉਸਤਤ ਕਰੈ ਦਿਨ ਰਾਤੀ।
ਰਖ ਰਖ ਚਰਨ ਹਰ ਤਾਲ ਪੂਰਈਆ॥
ਹਰਿ ਕੇ ਰੰਗ ਰਤਾ ਗੁਨ ਗਾਵੈ।
ਰਸ ਰਸਾਲ ਰਸ ਸਬਦ ਗਵਈਆ॥
ਹੈ ਮਨ ਮੰਨਿਆ?
ਆਗੇ ਰਾਮਕਲੀ ਵਿਚ ਵੇਖ॥ ਗੁਰ ਅਰਜਨ ਦਾ ਸਬਦ ਵਿਸੇਖ॥
ਕਰ ਕਰ ਤਾਲ ਪਖਾਵਜ ਨੈਨਹੁ ਮਾਥੈ ਵਜੇ ਰਬਾਬਾ॥
ਕਰਨਹੁ ਮਧਿ ਬਾਸੁਰੀ ਬਾਜੈ ਜਿਹਵਾ ਧੁਨਿ ਆਗਾਜਾ॥
ਨਿਰਤ ਕਰੈ ਮਨ ਮਨੂਆ ਨਾਚੈ ਆਣੈ ਘੁੰਘਰ ਸਾਜਾ॥
ਕਿਉਂ ਬਈ ਦੱਸ ਹੁਣ ?

ਰਾਮ ਕੋ ਨਿਰਤ ਕਾਰੀ॥
ਪੇਖੈ ਪੇਖਨ ਹਾਰ ਦਇਆਲਾ ਜੇਤਾ ਸਾਜ ਸਿਗਾਰੀ॥
ਘਰ ਘਰ ਨਿਰਤ ਹੋਵੈ ਦਿਨ ਰਾਤੀ ਘਟ ਘਟ ਵਾਜੈ ਤੂਰਾ ॥
ਏਕ ਨਚਾਵਹਿ ਏਕ ਭਵਾਵਹਿ ਇਕ ਆਇ ਜਾਇ ਹੋਇ ਧੂਰਾ॥
ਕਹੁ ਨਾਨਕ ਸੋ ਬਹੁਰ ਨ ਨਾਚੈ ਜਿਸ ਗੁਰ ਭੇਟੈ ਪੂਰਾ॥

ਮਿਟਦਾ ਜਨਮ ਮਰਨ ?

ਗਿਆਨੀ ਜੀ :- ਵਾਹ ਸੰਤ ਜੀ ਹੋਈ ਹੱਦ। ਹੋਇਆ ਬਚਨ ਆਪਦਾ ਰੱਦ।
ਆਪੇ ਕਹਿਆ ਤੁਸਾਂ ਉਚਾਰ। ਲਿਖਿਆ ਗੁਰੂ ਗ੍ਰੰਥ ਵਿਚ ਕਾਰ।
"ਕਹੁ ਨਾਨਕ ਸੋ ਬਹੁਤ ਨ ਨਾਚੈ ਜਿਸ ਗੁਰ ਭੇਟੈ ਪੂਰਾ"।
ਇਸ ਦਾ ਅਰਥ ਸਾਫ ਹੀ ਭਾਸੇ। ਜੇਕਰ ਸਰਨ ਗੁਰੂ ਜੀ ਜਾਸੇ।
ਫੇਰ ਨਾ ਨੱਚਦਾ !

ਨਾਮਧਾਰੀ :- ਵਾਹ ਗਿਆਨੀ ਜੀ ਤੁਹਾਡੀ ਬੁੱਧ। ਮੇਰੀ ਜਾਚੇ ਬੜੀ ਅਸੁੱਧ।
ਮੈਂਨੂੰ ਛੇਤੀ ਉੱਤਰ ਦੇਹ। ਜੇਕਰ ਅਰਥ ਇਸ ਦਾ ਏਹ।
ਤਾਲ ਪਖਾਵਜ ਅਤੇ ਰਬਾਬ। ਨਿਰਤ ਕਾਰ ਦਾ ਜੇ ਅਸਬਾਬ।
ਲਿਖਯਾ ਤੁਕਾਂ ਪਹਿਲੀਆਂ ਮਾਹਿ। ਇਸ ਦੀ ਲੋੜ ਪਈ ਸੀ ਕਾਹਿ ?
ਜੇ ਨਹੀਂ ਸੀ ਨੱਚਣਾ !
ਗਿਆਨੀ ਜੀ ਸੁਣ ਇਸ ਦਾ ਅਰਥ। ਐਵੇਂ ਪਿਆ ਨਾ ਕਰ ਅਨਰਥ।
ਤੁਕਾਂ ਸਾਰੀਆਂ ਦੇ ਅਨੁਸਾਰ। ਇਸ ਦਾ ਅਰਥ ਸਾਫ ਹੈ ਯਾਰ।
ਜਿਸ ਨੇ ਭੇਟੇ ਸਤਿਗੁਰ ਸੱਚੇ। ਜਨਮ ਮਰਨ ਦੇ ਵਿਚ ਨਾ ਨੱਚੇ॥
ਤਾਂਤੇ ਰਾਮ ਪੱਖ ਦੀ ਰਿਤ। ਜਨਮ ਮਰਨ ਨੂੰ ਕਰੇ ਨਵਿਰਤ॥
ਸਿੱਧਾਂ ਅਰਥ ਹੈ !

{ਦੋਵੇਂ ਗਿਆਨੀ ਆਪੋ ਵਿਚ}

ਕਿਉਂ ਗਿਆਨੀ ਜੀ ਹੈ ਕੋਈ ਫ਼ਰਕ। ਸਾਡਾ ਨਿਕਲ ਗਿਆ ਹੈ ਢਰਕ॥
ਜੇ ਕੋਈ ਸੰਸਾ ਚਿੱਤ ਵਿਚ ਹੋਰ। ਪੁੱਛ ਲਵੋ ਹੁਣ ਲਾਕੇ ਜੋਰ॥
ਨਹੀਂ ਭਾਈ ਜੀ ਪੁੱਛਣਾ ਕੀ। ਸੰਸੇ ਦਾ ਤਾਂ ਮਰ ਗਿਆ ਬੀ॥
ਇਸ ਕੂਕੇ ਨੂੰ ਫਤੇ ਬੁਲਾਈਏ। ਇਜ਼ੱਤ ਲੈ ਕੇ ਘਰ ਨੂੰ ਜਾਈਏ॥
ਲੈ ਭਾਈ ਸਤਿ ਸ੍ਰੀ ਅਕਾਲ। ਸ਼ੰਕੇ ਦਿੱਤੇ ਕੁੱਲ ਨਿਕਾਲ॥
ਤੂੰ ਕੂਕਾ ਡਾਢੜਾ !